ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

1920 ਤੋਂ
ਸਾਲ 100 ਵਾਂ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ


੧੯ ਵੈਸਾਖ ਤੋਂ ੧੮ ਜੇਠ ੨੦੭੭ ਬ੍ਰਿ.
1 May To 31 May 2020

ਜਿਲਦ 28
ਨੰਬਰ 8-9
Total Pages 51






26 ਮਈ 2020 ਨਾਮਧਾਰੀ ਫਾਰਮ (ਉਰਗਲੀ-ਬੰਗਲੌਰ) ਵਿਖੇ
ਮੇਲਾ ਸ਼ਹੀਦੀ ਪੁਰਬ: ਪੰਚਮ ਪਾਤਸ਼ਾਹ ਸ੍ਰੀ ਸਤਿਗੁਰੂ ਅਰਜਨ ਦੇਵ ਜੀ

ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਵਰ੍ਹਾ (1920-2020)



## ਚੱਕ੍ਰ-ਦੋਹਿਰਾ




### ਉਸਤਤਿ
### ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

**ਅਘਨ ਮਲਿਨ ਦੂਖਨ ਹਰਨ ਮਾਨ ਕਦਨ ਗੁਨ ਐਨ।**
**ਚਰਨ ਸਰਨ, ਬੰਦਨ ਕਰਨ ਮਿਲਨ ਸੁਖਨ ਦਿਨ ਰੈਨ॥**

– ਜੋ ਪਾਪਾਂ ਦੀ ਮਲੀਨਤਾ ਤੇ ਦੁੱਖਾਂ ਦਾ ਨਾਸ ਕਰਨ ਵਾਲੇ, ਹੰਕਾਰ ਦੇ ਨਾਸ਼ਕ ਅਤੇ ਗੁਣਾਂ ਦੇ ਘਰ ਹਨ।

– ਜਿਨ੍ਹਾਂ ਦੀ ਚਰਨ ਸਰਨ ਵਿੱਚ ਨਮਸਕਾਰ ਕਰਨ ਨਾਲ ਸਦੀਵੀ ਸੁੱਖ ਮਿਲਦੇ ਹਨ।

ਸੰਤ ਨਿਸ਼ਾਨ ਸਿੰਘ ਕਥਾਵਾਚਕ

# ਸਤਿਜੁਗ

੧੯ ਵੈਸਾਖ ਤੋਂ ੧੮ ਜੇਠ ੨੦੭੭ ਬਿ੍.

1 May To 31 May 2020

ਜਿਲਦ 28, ਵੀਰਵਾਰ ਨੰਬਰ 8-9

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

**Editorial Board:**

*Harvendra Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*

Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ ਡਾਲਰ

***Designed and Typeset:***
***Hakam Singh***

***Vishav Namdhari Sangat, Sri Bhaini Sahib***
***Satjug@sribhainisahib.com***

**ਪੱਤਰ ਵਿਹਾਰ ਦਾ ਪਤਾ :**
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099

# ਤਤਕਰਾ

* ਸੰਪਾਦਕੀ-- ਇਤਿਹਾਸ ਦੀ ਸਿਰਜਨਾ, ਵਿਰਸੇ....
ਹਰਪਾਲ ਸਿੰਘ ਸੇਵਕ................................4
* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ.............................7
* ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ...............................7
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਕਵੀ ਪ੍ਰੀਤਮ ਸਿੰਘ.........................................8
* ਸਫਲ ਦਰਸ
ਹਰਪਾਲ ਸਿੰਘ ਸੇਵਕ..........................................14
* *A Saga Of Sri Satguru Jagjit Singh ji*
*Dr. Sharada Jayagovind*.........................17
* ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਸਾਹਿਬ ਜੀ.....
ਸੁਖਵਿੰਦਰ ਸਿੰਘ ਲਾਇਲ....................................19
* ਦਸਮ ਗੁਰੂ ਜੀ ਬਾਬਾ ਅਜਾਪਾਲ ਸਿੰਘ ਜੀ.....
ਦਵਿੰਦਰ ਸਿੰਘ ਗਿੱਲ..........................................21
* ਸਤਿਗੁਰੂ ਹਰੀ ਸਿੰਘ ਜੀ ਦੇ ਪ੍ਰਲੋਕ ਗਵਨ ਦਿਵਸ ਬਾਰੇ
ਭਾਈ ਸੰਤੋਖ ਸਿੰਘ ਜੀ ਬਾਹੋਵਾਲ................................24
* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ..................................26
* ਸਾਡਾ ਕੋਈ ਹੱਲ ਨਹੀਂ
ਪ੍ਰੋ. ਅਵਤਾਰ ਸਿੰਘ............................................28
* ਮਾਨਸ ਤੇ ਦੇਵਤੇ ਕੀਏ...
ਕਰਨਵੀਰ ਸਿੰਘ ਗੁਰਦਾਸਪੁਰ............................30
* ਜ਼ੂਮ ਐਪ ਤੇ ਸਤਿਸੰਗ ਅਤੇ ਗੁਰਬਾਣੀ ਪਾਠ ਸਿਖਲਾਈ
ਹਰਪਾਲ ਸਿੰਘ ਸੇਵਕ...........................................33
* ਸ੍ਰੀ ਸਤਿਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ
ਸੂਬਾ ਅਮਰੀਕ ਸਿੰਘ ਜੀ ਬੰਗਲੌਰ........................35
* ਸੰਤ ਤਰਨ ਸਿੰਘ ਵਹਿਮੀ ਦਾ ਸਾਹਿਤਕ ਵਾਰਿਸ...
ਸੁਵਰਨ ਸਿੰਘ ਵਿਰਕ..........................................36
* ਵਾਰੇ ਦੇ ਵਾਰਸ ਸੰਤ ਬਲੀ ਸਿੰਘ ਜੀ ਗੁਰਾਇਆ..
ਹਰਪਾਲ ਸਿੰਘ ਸੇਵਕ.......................................42
* ਗੁਰੂ ਚਰਨਾਂ ਦੀ ਅਨਿੰਨ-ਭਗਤ ਮਾਤਾ ਨਰਿੰਦਰ ਕੌਰ.....
ਹਰਪਾਲ ਸਿੰਘ ਸੇਵਕ............................44
* ਸੇਵਾ ਅਤੇ ਸਿਮਰਨ ਦੀ ਮੂਰਤਿ ਮਾਤਾ ਭਗਵਾਨ ਕੌਰ
ਤਰਨ ਸਿੰਘ ਬੱਲ...............................46
* 15 ਮਾਰਚ 2020 ਰਾਮਪੁਰ ਭੋਗ ਸੰਤ ਬਲੀ ਸਿੰਘ ਜੀ
ਹਰਪਾਲ ਸਿੰਘ ਸੇਵਕ.............................48

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਇਤਿਹਾਸ ਦੀ ਸਿਰਜਨਾ, ਵਿਰਸੇ ਦੀ ਸੰਭਾਲ ਅਤੇ ਕਦਰ ਸਨਾਸ਼ੀ

ਇਸ ਸਿਰਲੇਖ ਵਿਚ ਤਿੰਨ ਪਹਿਲੂ ਹਨ– ਪਹਿਲਾ ਹੈ: ਇਤਿਹਾਸ ਦੀ ਸਿਰਜਨਾ, ਦੂਸਰਾ: ਵਿਰਸੇ ਦੀ ਸੰਭਾਲ ਅਤੇ ਤੀਸਰਾ: ਕਦਰ ਸਨਾਸ਼ੀ। ਸੰਖੇਪ ਵਿੱਚ ਇੰਨਾਂ ਤਿੰਨਾਂ ਪਹਿਲੂਆਂ ਤੇ ਕੁਝ ਵਿਚਾਰ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹਨ।

ਭਾਈ ਕਾਨ੍ਹ ਸਿੰਘ ਜੀ ਮਹਾਨ ਕੋਸ਼ ਵਿੱਚ ਇਤਿਹਾਸ ਸ਼ਬਦ ਦਾ ਅਰਥ ਲਿਖਦੇ ਹਨ– 'ਇਤਿ–ਹ–ਆਸ' ਐਸਾ ਪ੍ਰਸਿਧ ਥਾਂ ਅਰਥਾਤ– ਅਜੇਹਾ ਗ੍ਰੰਥ ਜਿਸ ਵਿੱਚ ਬੀਤੀ ਘਟਨਾ ਦਾ ਕ੍ਰਮ–ਅਨੁਸਾਰ ਜਿਕਰ ਹੋਵੇ, ਤਵਾਰੀਖ, ਹਿਸਟਰੀ (History)

ਇਤਿਹਾਸ ਹੈ ਬੀਤ ਚੁੱਕੇ ਸਮੇਂ ਦੀਆਂ ਘਟਨਾਵਾਂ ਦੇ ਵੇਰਵੇ। 'ਬੀਤੇ ਸਮੇਂ ਵਿੱਚ ਸਾਡੇ ਪੂਰਵਜਾਂ ਵਲੋਂ ਕੀਤੇ ਮਹਾਨ ਕਾਰਨਾਮੇਂ ਜਿਥੇ ਸਾਡੇ ਲਈ ਪ੍ਰੇਰਨਾ ਸ੍ਰੋਤ ਹੁੰਦੇ ਹਨ। ਉਥੇ ਆਪਣੇ ਭਵਿੱਖ ਨੂੰ ਤਰਤੀਬਨ ਅਤੇ ਤਰਾਸ਼ਣ ਲਈ ਸਾਡਾ ਮਾਰਗ ਦਰਸ਼ਨ ਕਰਦੇ ਹਨ। ਇਤਿਹਾਸ ਵਿੱਚ ਸਾਡੇ ਵਡੇਰਿਆਂ ਵਲੋਂ ਹੋਈਆਂ ਗਲਤੀਆਂ ਜਾਂ ਖਾਧੇ ਠੇਡੇ ਸਾਨੂੰ ਸੰਭਲ ਕੇ ਚੱਲਣ ਲਈ ਪ੍ਰੇਰਦੇ ਹਨ ਅਤੇ ਗਲਤੀਆਂ ਮੁੜ ਦੁਹਰਾਉਣ ਤੋਂ ਵਰਜਦੇ ਹਨ। ਇਸ ਲਈ ਇਤਿਹਾਸ ਦੀ ਮਨੁੱਖੀ ਸਭਿਅਤਾ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਹੁੰਦੀ ਹੈ। ਆਪਣੇ ਵਡੇਰਿਆਂ ਦੁਆਰਾ ਸਿਰਜਿਆ ਉਹ ਇਤਿਹਾਸ ਜਿਸ ਤੇ ਅਗਲੀਆਂ ਪੀੜ੍ਹੀਆਂ ਮਾਣ ਕਰ ਸੱਕਣ। ਜਿਸਦੀ ਰੌਸ਼ਨੀ ਵਿੱਚ ਭਵਿੱਖ ਦੇ ਰਸਤੇ ਰੌਸ਼ਨ ਹੋ ਸੱਕਣ। ਅਜੇਹਾ ਇਤਿਹਾਸ ਵਾਪਰਦਾ ਨਹੀਂ ਸਿਰਜਿਆ ਜਾਂਦਾ ਹੈ। –ਇਤਿਹਾਸ ਦੇ ਨਾਇਕ ਕੇਵਲ ਉਹੀ ਵਿਅਕਤੀ ਹੋ ਸਕਦੇ ਹਨ ਜੋ ਨਿੱਜ ਤੋਂ ਉੱਪਰ ਉੱਠ ਕੇ ਸਮਾਜ ਦੇ ਕਲਿਆਣ ਲਈ, ਸਮਾਜਕ ਨਿਆਂ ਲਈ ਅਤੇ ਇਸ ਸੰਸਾਰ ਨੂੰ ਹੋਰ ਚੰਗੇਰਾ ਬਣਾਉਣ ਲਈ ਯਤਨਸ਼ੀਲ ਹੁੰਦੇ ਹਨ। ਅਜੇਹੇ ਨਾਇਕਾਂ ਨੂੰ ਯੁੱਗ–ਪੁਰਸ਼ ਵੀ ਕਿਹਾ ਜਾਂਦਾ ਹੈ। 'ਯੁਗ ਪੁਰਸ਼' ਜੋ ਲੋਕਾਈ ਨੂੰ ਅਗਿਆਨ–ਅੰਧਕਾਰ ਤੋਂ ਗਿਆਨ–ਪ੍ਰਕਾਸ਼ ਵਾਲ ਲੈ ਜਾਣ। ਜਿੰਨਾਂ ਦੀ ਕੀਰਤੀ ਯੁਗਾਂ ਤੱਕ ਸਮਾਜ ਦਾ ਮਾਰਗ ਦਰਸ਼ਨ ਕਰੇ, ਅਜੇਹੇ ਯੁਗ–ਪੁਰਸ਼ਾਂ ਦੀ ਇਹੋ ਵਡਿਆਈ ਹੁੰਦੀ ਹੈ ਕਿ ਉਹ ਆਪਣੇ ਵਰਗੇ ਅਨੇਕਾਂ ਕਰਮਯੋਗੀ ਪੈਦਾ ਕਰ ਜਾਂਦੇ ਹਨ। ਉਨ੍ਹਾਂ ਦੇ ਪਗ–ਚਿੰਨਾਂ ਤੇ ਯੁਗਾਂ ਤੱਕ ਕਾਫਲੇ ਚੱਲਦੇ ਹਨ।

ਭਾਰਤ ਦੀ ਧਰਤੀ ਤੇ ਸਾਹਿਬ ਸਤਿਗੁਰੂ ਨਾਨਕ ਦੇਵ ਜੀ ਦਾ ਆਗਮਨ ਵੀ ਅਜੇਹੇ ਹੀ ਯੁਗ ਪੁਰਸ਼ ਦੀ ਆਮਦ ਸੀ ਜੋ ਮੱਸਿਆ ਦੀ ਹਨੇਰੀ ਰਾਤ ਤੋਂ ਬਾਅਦ ਸੂਰਜ ਵਾਂਗ ਪ੍ਰਗਟੇ। ਆਪ ਨੇ ਲੋਕਾਈ ਨੂੰ ਸੁੱਚੀ–ਕਿਰਤ ਕਰਨ, ਵੰਡ ਕੇ ਛਕਣ ਅਤੇ ਪ੍ਰੇਮਾਂ–ਭਗਤੀ ਦਾ ਸਬਕ ਸਿਖਾਇਆ। ਨਿਸ਼ਕਾਮ ਸੇਵਾ, ਸਿਮਰਨ, ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦਾ ਉਪਦੇਸ਼ ਦ੍ਰਿੜਾਇਆ। ਗਿਆਨ ਨੂੰ ਸਮੇਂ ਦਾ ਹਾਣੀ ਬਣਾਈ ਰੱਖਣ ਅਤੇ ਅਮਲੀ ਗਿਆਨ ਦੇ ਇਸ ਪ੍ਰਵਾਹ ਨੂੰ

ਨਿਰੰਤਰ ਜਾਰੀ ਰੱਖਣ ਲਈ ਆਪ ਨੇ ਇਸ ਸੰਸਾਰ ਤੋਂ ਪ੍ਰਸਥਾਨ ਕਰਨ ਤੋਂ ਪਹਿਲਾਂ ਆਪਣਾ ਹੀ ਇਕ ਸਰੂਪ ਪਰਗਟ ਕੀਤਾ। ਆਪਣੇ ਇਕ ਸੇਵਕ ਲਹਿਣਾ ਜੀ ਨੂੰ ਆਪਣੇ ਜੇਹਾ ਹੀ- ਆਪਣਾ ਹੀ ਜੋਤ ਸਰੂਪ- ਅੰਗਦ ਥਾਪ ਕੇ- 'ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ' ਦੀ ਨੀਂਹ ਰੱਖੀ। 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।' ਗੁਰਵਾਕ ਅਨੁਸਾਰ ਗੁਰੂ ਨਾਨਕ ਦੀ ਰਾਜ ਜੋਗ ਗੱਦੀ ਤੇ ਬਿਰਾਜਮਾਨ ਹੁੰਦੇ ਆਏ ਸਤਿਗੁਰੂ ਸਾਹਿਬਾਨ ਦੀ ਕੇਵਲ ਦੇਹ ਬਦਲਦੀ ਰਹੀ, ਆਤਮਕ ਜੋਤ ਅਤੇ ਜੀਵਨ ਜੁਗਤਿ ਵੀ ਉਹੋ ਹੀ ਰਹੀ। ਸਿੱਖ-ਸਤਿਗੁਰੂ ਸਾਹਿਬਾਨ ਨੇ ਇਕ ਸਰਬ ਕਲਿਆਣਕਾਰੀ ਜੀਵਨ ਜਾਚ, ਸਮੁੱਚੀ ਕਾਇਨਾਤ ਨੂੰ ਆਪਣੇ ਕਲਾਵੇ ਵਿੱਚ ਸਮੋ ਲੈਣ ਵਾਲਾ ਸਿੱਖੀ-ਸਭਿਆਚਾਰ ਸਥਾਪਿਤ ਕੀਤਾ। ਇਸ ਸਭਿਆਚਾਰ ਨੇ ਅਜੇਹੇ ਦਾਤੇ, ਭਗਤ ਅਤੇ ਸੂਰਮੇਂ ਪੈਦਾ ਕੀਤੇ ਜਿਨਾਂ ਪਰਉਪਕਾਰ ਹਿੱਤ ਆਪਣਾ ਸਭ ਕੁਝ ਕੁਰਬਾਣ ਕਰ ਦਿੱਤਾ। ਸਾਡੇ ਸਤਿਗੁਰੂ ਸਾਹਿਬਾਨ ਨੇ ਆਪ ਤੱਤੀਆਂ ਤਵੀਆਂ ਤੇ ਬੈਠ ਕੇ, ਕਿਸੇ ਦੇ ਈਮਾਨ ਦੀ, ਆਸਥਾ ਦੀ ਰੱਖਿਆ ਲਈ ਆਪਣਾ ਸੀਸ ਕੁਰਬਾਨ ਕਰਕੇ ਅਤੇ ਆਪਣਾ ਸਰਬੰਸ ਵਾਰ ਕੇ, ਤਿਆਗ, ਕੁਰਬਾਨੀ ਅਤੇ ਪਰਉਪਕਾਰ ਦਾ ਪਾਠ ਪੜਾਇਆ। ਗੁਰੂ ਸਾਹਿਬਾਨ ਦੀਆਂ ਪਾਈਆਂ ਪੈੜਾਂ ਤੇ ਚੱਲ ਕੇ ਸਿੱਖਾਂ ਨੇ ਮਹਾਨ ਕੀਰਤੀਮਾਨ ਸਥਾਪਿਤ ਕੀਤੇ। ਆਦਰਸ਼ ਸਮਾਜ ਦੀ ਸਿਰਜਨਾ ਲਈ ਸ਼ਾਨਾਂਮੱਤਾ ਇਤਿਹਾਸ ਸਿਰਜਿਆ। ਇਕ ਪੂਰਨ ਮਨੁੱਖ, ਜੋ ਸੁੱਚੀ ਕਿਰਤ ਕਰਦਾ ਹੈ, ਦਰ ਆਏ ਸਵਾਲੀ ਨੂੰ ਭੋਜਨ ਛਕਾ ਕੇ ਫੇਰ ਆਪ ਛਕਦਾ ਹੈ। ਅੰਮ੍ਰਿਤ ਵੇਲੇ ਦੇ ਕੀਰਤਨ ਨਾਲ ਜਿਸਦੇ ਦਿਨ ਦੀ ਸ਼ੁਰੂਆਤ ਸੰਗੀਤਕ ਭਗਤੀ ਤੋਂ ਹੁੰਦੀ ਹੈ। ਜੋ ਰੁੱਖਾਂ, ਮਨੁੱਖਾਂ, ਜੀਵ-ਜੰਤੂਆਂ ਭਾਵ ਸਮੁੱਚੀ ਕਾਇਨਾਤ ਲਈ ਸੰਵੇਦਨਾ ਭਰਪੂਰ ਹੈ। ਕਲਿਆਣ ਕਾਰੀ ਹੈ ਪਰ ਮਜ਼ਲੂਮਾਂ ਦੀ ਰੱਖਿਆ ਲਈ 'ਸ਼ੁਭ ਕਰਮਨ, ਦਾ ਗੀਤ ਗਾਉਂਦਿਆਂ ਇਕੱਲਾ ਹੀ ਲੱਖਾਂ ਨਾਲ ਜੂਝਣ ਦੀ ਹਿੰਮਤ ਰੱਖਦਾ ਹੈ। ਸਾਡਾ ਇਤਿਹਾਸ ਭਰਿਆ ਪਿਆ ਹੈ ਅਜੇਹੇ ਮਹਾਨ ਅਮਰ ਨਾਇਕਾਂ ਨਾਲ, ਜਿੰਨਾਂ ਨੇ ਮਹਾਨ ਪੁਰਸ਼ਰਾਥ ਨਾਲ ਗੌਰਵਮਈ ਇਤਿਹਾਸ ਦੀ ਸਿਰਜਨਾ ਕੀਤੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਕ ਹਸਤ ਲਿਖਤ ਹੈ ਜਿਸ ਵਿੱਚ ਆਪ ਜੀ ਨੇ ਲਿਖਿਆ ਹੈ: "ਸੂਬਾ ਸਾਹਿਬ ਸਿੰਘ ਜੀ ਜਾਂ ਹੋਰ ਬਜ਼ੁਰਗਾਂ ਨੇ ਆਪਣੇ ਕਾਰਨਾਮਿਆਂ ਨਾਲ ਇਤਿਹਾਸ ਚਿਤਰਿਆ- ਸਾਨੂੰ ਚਾਹੀਦਾ ਹੈ ਅਸੀਂ ਉਹਨਾਂ ਨੂੰ ਕਾਗਤਾਂ ਤੇ ਲੈ ਆਈਏ।"

ਇਹ ਹਸਤ ਲਿਖਤ ਦਿਸ਼ਾ ਨਿਰਦੇਸ਼ ਹੈ, ਵਿਰਸੇ ਦੀ ਸੰਭਾਲ ਦਾ, ਇਤਿਹਾਸ ਸਿਰਜਕ ਨਾਇਕਾਂ ਦੀ ਕੀਰਤੀ ਨੂੰ ਸੰਭਾਲਨ ਅਤੇ ਪ੍ਰਚਾਰ-ਪ੍ਰਸਾਰ ਕਰਨ ਦਾ। ਇਸ ਤੋਂ ਅੱਗੇ ਦੂਸਰੀ ਹਸਤ ਲਿਖਤ ਵਿੱਚ ਇਸ ਕਾਰਜ ਨੂੰ ਅਮਲੀ ਰੂਪ ਦੇਣ ਲਈ ਹੋਰ ਵੀ ਸਪਸ਼ਟ ਕੀਤਾ ਹੈ:

1 ਖੋਜ ਕਰਨ ਲਈ ਯੋਗ ਸੱਜਣ ਅੱਗੇ ਆਉਣ (ਲਿਆਂਦੇ ਜਾਣ) ਉਹਨਾਂ ਦੇ ਪ੍ਰਸ਼ਾਦ ਪਾਣੀ ਦਾ ਪ੍ਰਬੰਧ ਕੀਤਾ ਜਾਵੇ।

2 ਇਸ (ਇਹਨਾਂ) ਖੋਜਾਂ ਨੂੰ ਪੰਜਾਬੀ, ਹਿੰਦੀ, ਅੰਗ੍ਰੇਜੀ ਤੇ ਹੋਰ ਜਬਾਨਾਂ ਵਿੱਚ ਛਾਪਣ ਲਈ ਇੱਕ ਵੱਖਰਾ ਜਥਾ ਹੋਵੇ ਇਸਦਾ ਵੀ ਪ੍ਰਸ਼ਾਦੇ ਦਾ ਯੋਗ ਪ੍ਰਬੰਧ ਹੋਵੇ।

ਸ੍ਰੀ ਸਤਿਗੁਰੂ ਜੀ ਦੇ ਇਨ੍ਹਾਂ ਹਸਤ ਲਿਖਤ ਬਚਨਾਂ ਅਨੁਸਾਰ ਇਤਿਹਾਸ ਸਿਰਜਨ ਵਾਲੇ ਅਮਰ ਨਾਇਕਾ ਦੀ ਕੀਰਤੀ ਨੂੰ ਲਿਖਤੀ ਰੂਪ ਵਿੱਚ ਸੰਭਾਲਨਾ ਵੀ ਸਾਡਾ ਜ਼ਰੂਰੀ ਫਰਜ਼ ਹੈ। ਸਿੱਖ ਇਤਿਹਾਸ ਦੇ ਲੇਖਕ, ਸੂਰਜ ਪ੍ਰਕਾਸ਼ ਦੇ ਰਚਨਹਾਰ ਭਾਈ ਸੰਤੋਖ ਸਿੰਘ ਜੀ, ਪੰਥ ਪ੍ਰਕਾਸ਼ ਦੇ ਲੇਖਕ ਗਿਆਨੀ ਗਿਆਨ ਸਿੰਘ ਜੀ ਅਤੇ ਭਾਈ ਸੁੱਖਾ ਸਿੰਘ ਜੀ, ਭਾਈ ਰਤਨ ਸਿੰਘ ਭੰਗੂ, ਸੰਤ ਧਿਆਨ ਸਿੰਘ ਜੀ, ਭਾਈ ਸੰਤੋਖ ਸਿੰਘ ਜੀ ਬਾਹੋਵਾਲ, ਸੰਤ ਤਰਨ ਸਿੰਘ ਵਹਿਮੀ ਅਤੇ ਕਵੀ ਪ੍ਰੀਤਮ ਸਿੰਘ ਵਰਗੇ ਮਹਾਨ ਲੇਖਕਾਂ ਦਾ ਯੋਗਦਾਨ ਵੀ ਇਤਿਹਾਸ ਦੇ ਸਿਰਜਨਹਾਰਿਆਂ ਵਾਂਗ ਹੀ ਮਹੱਤਵਪੂਰਨ ਹੈ। ਸਤਿਗੁਰੂ ਬਿਲਾਸ ਭਾਗ ਦੂਸਰੇ ਵਿਚ ਭਾਈ ਸੰਤੋਖ ਸਿੰਘ ਜੀ ਬਾਰੇ ਸਤਿਗੁਰੂ ਹਰੀ ਸਿੰਘ ਜੀ ਦਾ ਬਚਨ ਹੈ:

"ਏਕ ਦਿਨ ਬਚਨ ਕੀਤਾ ਸੰਤੋਖ ਸਿੰਘ ਧੰਨ ਜਨਮ ਹੈ ਤੇਰਾ, ਤੈਨੇ ਸਾਖੀਆਂ ਲਿਖੀਆਂ ਹੈਂ ਗੁਰੂ ਕੀਆਂ।" ਏਸੇ ਤਰ੍ਹਾਂ ਸੰਤ ਤਰਨ ਸਿੰਘ ਵਹਿਮੀਂ ਜੀ ਦੀ ਜੀਵਨ ਭਰ ਦੀ ਤਪੱਸਿਆ ਹੈ ਸਤਿਗੁਰੂ ਪ੍ਰਤਾਪ ਸਿੰਘ ਦਾ ਸਮੁੱਚਾ ਜੀਵਨ, ਛੇ ਭਾਗਾਂ ਵਿੱਚ 'ਜੱਸ-ਜੀਵਨ, ਇਸ ਤੋਂ ਬਾਅਦ ਕਵੀ ਪ੍ਰੀਤਮ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਕਰੀਬ ਅਠਾਰਾਂ ਵਰ੍ਹਿਆਂ ਦਾ ਇਤਿਹਾਸ ਡੇਢ ਦਰਜਨ ਤੋਂ ਵੱਧ ਪੁਸਤਕਾਂ ਵਿੱਚ ਲਿਖਿਆ ਹੈ ਜਿਸ ਵਿੱਚੋਂ ਸਤਾਰਾਂ ਭਾਗ ਛੱਪ ਚੁੱਕੇ ਹਨ ਅਤੇ ਕੁਝ ਭਾਗ ਹੋਰ ਜੋ ਛੇਤੀ ਹੀ ਪ੍ਰਕਾਸ਼ਿਤ ਕੀਤੇ ਜਾਣਗੇ। ਇਸ ਤੋਂ ਬਿਨਾਂ ਨਾਮਧਾਰੀ ਇਤਿਹਾਸ ਦਾ ਖੋਜ ਕਾਰਜ ਕਰਨ ਵਾਲੇ ਹੋਰ ਕਈ ਲੇਖਕ ਹਨ ਜਿਵੇਂ ਬਾਬਾ ਕਾਲਾ ਸਿੰਘ, ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਨਿਧਾਨ ਸਿੰਘ ਆਲਮ, ਸਰਦਾਰ ਨਾਹਰ ਸਿੰਘ, ਸਰਦਾਰ ਜਸਵਿੰਦਰ ਸਿੰਘ ਹਿਸਟੋਰੀਅਨ ਸ. ਸਵਰਣ ਸਿੰਘ ਸਨੇਹੀ, ਸੁਵਰਨ ਸਿੰਘ ਵਿਰਕ ਆਦਿ ਜਿਨ੍ਹਾਂ ਨੇ ਵਿਰਸੇ ਦੀ ਸੰਭਾਲ ਲਈ ਨਿੱਗਰ ਯਤਨ ਕੀਤੇ ਹਨ। ਪਿਛਲੀ ਸਦੀ ਦੇ ਨੌਵੇਂ ਦਸਵੇਂ ਦਹਾਕੇ (1990-95 ਤੱਕ) ਨਾਮਧਾਰੀ ਪੰਥ ਦੀਆਂ ਪ੍ਰਮੁੱਖ ਸਾਹਿਤਕ ਸ਼ਖਸੀਅਤਾਂ ਸਨ ਮਾਸਟਰ ਨਿਹਾਲ ਸਿੰਘ ਜੀ, ਕਵੀ ਪ੍ਰੀਤਮ ਸਿੰਘ ਜੀ, ਪ੍ਰੀਤਮ ਸਿੰਘ ਜੀ 'ਪੰਛੀ, ਗਿਆਨੀ ਮੇਹਰ ਸਿੰਘ ਜੀ, ਅਮਰ ਭਾਰਤੀ ਜੀ, ਸਰਦਾਰ ਜਗਦੀਸ਼ ਸਿੰਘ ਵਰਿਆਮ, ਸੰਤ ਦਲੀਪ ਸਿੰਘ ਜੀ ਨਿਰੀਖੀਅਕ, ਸ੍ਰ. ਨਰਿੰਦਰ ਸਿੰਘ ਯੁੱਗ ਮਰਿਆਦਾ, ਸ੍ਰ. ਤਾਰਾ ਸਿੰਘ ਅਨਜਾਣ ਆਦਿ ਇਹ ਸਾਰੇ ਹੀ ਵਿਰਸੇ ਦੇ ਸੰਭਾਲੂ 'ਵਾਰੀ ਆਪੋ ਆਪਣੀ' ਸਾਥੋਂ ਰੁਖ਼ਸਤ ਹੋ ਗਏ ਹਨ। ਇਸ ਪੂਰ ਦੇ ਜੋ ਲੇਖਕ ਅਜੇ ਮੌਜੂਦ ਹਨ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਸ੍ਰ. ਸੁਵਰਨ ਸਿੰਘ ਵਿਰਕ, ਸੂਬਾ ਸੁਰਿੰਦਰ ਕੌਰ ਖਰਲ, ਦਵਿੰਦਰ ਸਿੰਘ ਗਿੱਲ ਅਤੇ ਮਾਸਟਰ ਅਮਰੀਕ ਸਿੰਘ ਆਦਿ ਇਹ ਵੀ ਕੋਈ ਸੱਤਰਵਿਆਂ ਵਿੱਚ ਹਨ, ਕੋਈ ਅੱਸੀਵਿਆਂ ਵਿੱਚ। ਨਵੀਂ ਪੀੜ੍ਹੀ ਚੋਂ ਇਸ ਖੇਤਰ ਵਿੱਚ ਆਮਦ ਨਾ ਮਾਤਰ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਨਵੀਂ ਪੀੜ੍ਹੀ ਚੋਂ ਪੜ੍ਹੇ ਲਿਖੇ ਨੌਜਵਾਨਾਂ ਨੂੰ ਸਾਹਿਤ ਰਚਨਾ, ਇਤਿਹਾਸ ਖੋਜ ਅਤੇ ਪ੍ਰਚਾਰ ਪ੍ਰਸਾਰ ਦੇ ਖੇਤਰ ਵਿੱਚ ਅੱਗੇ ਆਉਣਾ ਚਾਹੀਦਾ ਹੈ।


ਹੁਣੇ ਹੁਣੇ ਪਿਛਲੇ ਦਿਨਾਂ ਵਿੱਚ ਹੀ ਨਾਮਧਾਰੀ ਪੰਥ ਦੀਆਂ ਦੋ ਹੋਰ ਮਹਾਨ ਸ਼ਖ਼ਸੀਅਤਾਂ: ਦੋ ਭਰਾ, ਸੰਤ ਤਰਨ ਸਿੰਘ ਵਹਿਮੀ ਦੇ ਸਾਹਿਤਕ ਵਾਰਿਸ ਸ੍ਰ. ਸਾਧੂ ਸਿੰਘ ਕਿਸਾਨ ਅਤੇ ਹੱਲੇ ਦੀ ਕੀਰਤਨ ਸ਼ੈਲੀ ਵਿੱਚ ਕੀਰਤਨ ਕਰਨ ਵਾਲੇ 'ਵਾਰੇ ਦੇ ਵਾਰਸ' ਸੰਤ ਬਲੀ ਸਿੰਘ ਜੀ ਵੀ ਆਪਣੀ ਜੀਵਨ ਯਾਤਰਾ ਪੂਰੀ ਕਰ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਅਜਿਹੀਆਂ ਪੰਥਕ ਹਸਤੀਆਂ ਦੀ ਖ਼ਾਲੀ ਹੋ ਰਹੀ ਥਾਂ ਪੂਰੀ ਨਹੀਂ ਜਾ ਰਹੀ। ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ! ਹਰ ਖੇਤਰ ਵਿੱਚ ਨਵੀਂ ਪਨੀਰੀ ਤਿਆਰ ਹੁੰਦੀ ਰਹੇ ਅਤੇ ਪੰਥਕ ਸੇਵਾ ਕਰਨ ਲਈ ਅੱਗੇ ਆਉਣ।

ਪਹਿਲੇ ਦੋ ਪਹਿਲੂ ਜਿਨ੍ਹਾਂ ਦਾ ਜ਼ਿਕਰ ਕੀਤਾ ਜਾ ਚੁੱਕਾ ਹੈ ਇਤਿਹਾਸ ਦੀ ਸਿਰਜਣਾ ਕਰਨ ਵਾਲੇ ਸੰਤ ਸਾਧੂ, ਕੀਰਤਨੀਏ, ਸੂਰਬੀਰ ਯੋਧੇ ਅਤੇ ਪੰਥ ਦੇ ਨਿਸ਼ਕਾਮ ਸੇਵਕ ਅਤੇ ਦੂਸਰੇ ਹਨ ਵਿਰਸੇ ਦੀ ਸੰਭਾਲ ਕਰਨ ਵਾਲੇ ਅਤੇ ਸ਼ਾਨਾਮੱਤੇ ਇਤਿਹਾਸ ਦਾ ਪ੍ਰਚਾਰ ਕਰਨ ਵਾਲੇ ਵਿਰਸੇ ਦੇ ਵਾਰਸ। ਤੀਸਰਾ ਪਹਿਲੂ ਹੈ ਪਹਿਲੇ ਦੋਹਾਂ ਪਹਿਲੂਆਂ ਦੇ ਕਰਮ ਯੋਧਿਆਂ ਦੀ ਕਦਰ ਸਨਾਸ਼ੀ। ਸਾਨੂੰ ਆਪਣੇ ਅਮਰ ਨਾਇਕਾਂ ਦੀ ਅਤੇ ਵਿਰਸੇ ਦੀ ਸੰਭਾਲ ਕਰਨ ਵਾਲੇ ਵਿਰਸੇ ਦੇ ਵਾਰਸਾਂ ਦੀ ਨਿਸ਼ਾਨਦੇਹੀ ਅਤੇ ਕਦਰ ਸਨਾਸ਼ੀ ਕਰਨੀ ਚਾਹੀਦੀ ਹੈ ਤਾਂ ਕਿ ਨਵੀਂ ਪੀੜ੍ਹੀ ਨੂੰ ਵੀ ਇਸ ਖੇਤਰ ਵਿੱਚ ਸੇਵਾ ਕਰਨ ਦਾ ਚਾਅ ਹੋਵੇ। ਸੁਰਜੀਤ ਪਾਤਰ ਜੀ ਦੀਆਂ ਸਤਰਾਂ ਹਨ:

ਖੂਬ ਨੇ ਇਹ ਝਾਂਜਰਾਂ ਛਣਕਣ ਲਈ
ਕੋਈ ਚਾਅ ਵੀ ਤਾਂ ਦਏ ਨੱਚਣ ਲਈ॥

- ਹਰਪਾਲ ਸਿੰਘ ਸੇਵਕ,
ਸੰਪ: 94176-01321

## ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ




ਹੋਰ ਭਾਈ ਸਿਆਮ ਸਿੰਘ ਜੀ ਸਾਰੀ ਸੰਗਤ ਨੂੰ ਏਹੁ ਹੁਕਮ ਦੇਣਾ ਭੋਗ ਗਰੰਥ ਸਾਹਿਬ ਦੇ ਪਾਉਣ ਤੇ ਬਾਣੀ ਕੰਠ ਕਰਨੀ ਸਰਬ ਬੁਢੇ ਬਾਲੇ ਮਾਈ ਬੀਬੀ ਪਿਛਾ ਰਾਤ ਇਸਨਾਨ। ਤੇ ਲਟਕੇ ਲਟਕੀਆ ਨੁ ਅਖਰ ਪੜਾ ਦੇਣੇ ਅਰ ਜਥਾ ਸਕਤ ਸੇਵਾ ਬੀ ਕਰਨੀ ਅਨ ਬਸਤੂ ਦੀ ਲੋੜਮਾਨ ਦੀ, ਚਾਹੇ ਕਿਸੇ ਭੇਖ ਦਾ ਹੋਵੇ, ਚਾਹੇ ਨਿੰਦਕ ਬੀ ਹੋਵੇ।

......ਹੋਰ ਭਾਈ ਕਾਨ੍ਹ ਸਿੰਘ ਜੀ ਇਕ ਤੁਸਾ ਨੁ ਕੀ ਸਾਰੀ ਸੰਗਤ ਨੂੰ ਏਹੁ ਹੁਕਮ ਹੈ ਜੋ ਬਾਣੀ ਕੰਠ, ਭਜਨ ਇਸਨਾਨ, ਬੰਡ ਛਕਨਾ ਜਥਾ ਸਕਤ। ਹੋਰ ਜੀ ਅਗੇ ਇਹੁ ਬਾਤ ਹੈ ਜੇ ਤਾ ਗੁਰੂ ਸਾਹਿਬ ਨੇ ਗਊਆ ਉਤੇ ਰਛਾ ਕੀਤੀ ਤਾ ਕੀਤੀ, ਨਹੀ ਤਾ ਸਾਰੀ ਪਿਰਥੀ ਬਡਾ ਦੁਖ ਪਾਵੇਗੀ।

(ਹੁਕਮਨਾਮਾ ੧੬ ਵਾਂ)

## ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਮਨੁੱਖ ਦਾ ਸੁਭਾ ਇਸ ਤਰ੍ਹਾਂ ਦਾ ਬਣਿਆ ਹੈ, ਆਪਣੇ ਗੁਣ ਵੇਖੇਗਾ, ਕਿਸੇ ਦੇ ਔਗੁਣ ਵੇਖੇਗਾ। ਪਰ ਜੇ ਇਹਦੇ ਉਲਟ ਗਲ ਕਰ ਲਈ ਜਾਵੇ ਤੇ ਮਨੁੱਖ ਸੌਖਾ ਹੋ ਜਾਂਦਾ ਹੈ।

ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲੇ, ਸਤਿਗੁਰਾਂ (ਸਤਿਗੁਰੂ ਪ੍ਰਤਾਪ ਸਿੰਘ ਜੀ) ਨੇ ਉਨ੍ਹਾਂ ਦੇ ਬਚਨ ਬੜੀ ਵੇਰਾਂ ਸੁਣਾਏ ਨੇ। ਉਹ ਕਹਿੰਦੇ ਹੁੰਦੇ ਸਨ ਕਿਸੇ ਦੇ ਲਵੋ ਤੇ ਗੁਣ ਲਵੋ। ਜਿਹੜੇ ਤੁਹਾਡੇ ਵਿਚ ਗੁਣ ਹੇਗੇ ਨੇ ਉਹ ਤੇ ਹੈ ਹੀ ਨੇ, ਜਿਹੜੇ ਕਿਸੇ ਦੇ ਲੈ ਲਵੋਂਗੇ ਉਹ ਤੁਹਾਨੂੰ ਵਾਧੂ ਪ੍ਰਾਪਤ ਹੋ ਜਾਣਗੇ। ਜੇ ਔਗੁਣ ਵੇਖਣ ਨੂੰ ਬੜਾ ਹੀ ਜੀਅ ਕਰੇ ਦੂਰ ਜਾਣ ਦੀ ਲੋੜ ਨਹੀਂ- ਇਹ ਤੇ ਆਪਣੇ ਅੰਦਰ ਹੀ ਬੜੇ ਨੇ।

ਅਸੀਂ ਚੰਗੇ ਕੰਮਾਂ ਲਈ ਹਰ ਸਮੇਂ ਮਿਲਦੇ ਰਹੀਏ ਤਾਂਕਿ ਬੁਰੇ ਕੰਮਾਂ ਲਈ ਸਾਡੇ ਕੋਲ ਟਾਈਮ ਹੀ ਨਾ ਹੋਵੇ।

ਅਸੀਂ ਸਮਝਦੇ ਹਾਂ ਕਿ ਅਕਾਲੀ ਨਹੀਂ ਚੰਗੇ, ਸਿੰਘ ਸਭੀਏ ਨਹੀਂ ਚੰਗੇ, ਹਿੰਦੂ ਨਹੀਂ ਚੰਗੇ, ਚੰਗੇ ਸਾਰੇ ਹੀ ਨੇ, ਆਪ ਆਦਮੀਂ ਚੰਗਾ ਹੋਵੇ ਤਾਂ ਫੇਰ ਸਾਰੇ ਹੀ ਚੰਗੇ ਲਗਦੇ ਨੇ।

# ਸ੍ਰੀ ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਤੇ ਵਿਸ਼ੇਸ਼

## ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ

### (ਅਣਛਪਿਆ ਭਾਗ)

### ਲੇਖਕ ਨਾਲ- ਜਾਣ ਪਹਿਚਾਣ

ਬੇਸ਼ੱਕ ਕਵੀ ਪ੍ਰੀਤਮ ਸਿੰਘ ਜੀ ਨਾਮਧਾਰੀ ਸਮਾਜ ਅਤੇ ਸਾਹਿਤ-ਜਗਤ ਵਿੱਚ ਕਿਸੇ ਜਾਣ-ਪਹਿਚਾਣ ਦੇ ਮੁਥਾਜ਼ ਨਹੀਂ ਹਨ, ਪਰ ਨਵੀਂ ਪੀੜੀ ਦੇ ਪਾਠਕਾਂ ਦੀ ਜਾਣਕਾਰੀ ਲਈ ਇਹ ਕਹਿਣਾ ਅਤਿ-ਕਥਨੀ ਨਹੀਂ ਹੋਵੇਗਾ ਕਿ ਆਪ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦਾ ਵਿਸਤ੍ਰਿਤ ਅਤੇ ਪ੍ਰਮਾਣੀਕ ਇਤਿਹਾਸ ਲਿਖਣ ਵਾਲੇ ਇੱਕੋ-ਇੱਕ ਲੇਖਕ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਅਤੇ ਬਾਲ-ਸਖਾ, ਕਵੀ ਪ੍ਰੀਤਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਦਿਆਲੇ ਵਿੱਚ ਪੜ੍ਹਦਿਆਂ ਹੀ ਸਾਹਿਤਕ-ਰੁਚੀਆਂ ਅਤੇ ਯੋਗਤਾ ਕਰਕੇ 'ਕਵੀ, ਤਖ਼ੱਲਸ ਨਾਲ ਜਾਣੇ ਜਾਣ ਲੱਗੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਾਰਖੂ ਦ੍ਰਿਸ਼ਟੀ ਨੇ ਕਵੀ ਜੀ ਨੂੰ 'ਸਤਿਜੁਗ' ਦੇ ਸੰਪਾਦਕ ਦੀ ਸੇਵਾ ਬਖਸ਼ੀ ਜੋ ਆਪਨੇ ਲੰਮਾ ਸਮਾਂ ਬੜੀ ਤਨਦੇਹੀ ਅਤੇ ਯੋਗਤਾ ਨਾਲ ਨਿਭਾਈ। ਕਵਿਤਾ, ਕਹਾਣੀ, ਨਾਟਕ, ਜੀਵਨੀਆਂ ਆਦਿ ਦੇ ਰਚਨਹਾਰ ਕਵੀ ਜੀ ਪੰਜਾਬੀ ਦੇ ਪ੍ਰਸਿੱਧ ਰਸਾਲਿਆਂ ਅਤੇ ਰੋਜ਼ਾਨਾਂ 'ਨਵਾਂ ਜਮਾਨਾ, ਦੇ ਸੰਪਾਦਕ ਵੀ ਰਹੇ। ਵੀਹਵੀਂ ਸਦੀ ਵਿੱਚ ਪੰਜਾਬੀ ਸਾਹਿਤ ਜਗਤ ਵਿੱਚ ਸ੍ਰ. ਗੁਰਬਖਸ ਸਿੰਘ ਪ੍ਰੀਤਲੜੀ ਅਤੇ ਕਵੀ ਪ੍ਰੀਤਮ ਸਿੰਘ ਦੋ ਅਜਿਹੇ ਮਹਾਨ ਲੇਖਕ ਹੋਏ ਹਨ, ਜਿਨ੍ਹਾਂ ਨੇ ਪੰਜਾਬੀ ਵਾਰਤਕ ਨੂੰ ਮਿਠਾਸ ਅਤੇ ਰੌਚਕਤਾ ਬਖਸ਼ੀ ਹੈ, ਵਾਰਤਕ ਵਿੱਚ ਨਵੇਂ ਸ਼ਬਦਾਂ ਦੀ ਸਿਰਜਨਾ ਕੀਤੀ ਹੈ। ਕਵੀ ਜੀ ਇਕ ਸੰਗੀਤ ਕਾਰ, ਗੁਰਬਾਣੀ ਦੇ ਗਿਆਤਾ, ਕਥਾਵਾਚਕ, ਸੁਘੜ ਲੇਖਕ, ਵਧੀਆ ਬੁਲਾਰੇ ਅਤੇ ਨੇਕ ਸੱਜਣ ਪੁਰਸ਼ ਸਨ।

ਸਾਹਿਤਕ ਖੇਤਰ ਵਿੱਚ 'ਬੀਤੇ ਦੀਆਂ ਪੈੜਾਂ, ਦੇ ਮਹੱਤਵ ਦਾ ਜ਼ਿਕਰ ਕਰਦਿਆਂ ਪ੍ਰਸਿੱਧ ਲੇਖਕ ਡਾ. ਸਤਿੰਦਰ ਸਿੰਘ ਨੂਰ ਲਿਖਦੇ ਹਨ- "ਬੀਤੇ ਦੀਆਂ ਪੈੜਾਂ, ਵਿੱਚ ਪ੍ਰੀਤਮ ਸਿੰਘ ਕਵੀ ਨੇ ਪੰਜਾਬੀ ਵਾਰਤਕ ਵਿੱਚ ਇੱਕ ਵੱਖਰੀ ਵਿਧਾ ਨੂੰ ਸਥਾਪਤ ਕੀਤਾ ਹੈ। ਇਸ ਵਿਧਾ ਵਿੱਚ ਕਈ ਉੱਪ-ਵਿਧਾਵਾਂ ਨੂੰ ਬਣਾ ਕੇ ਸੰਗਠਿਤ ਕੀਤਾ ਗਿਆ ਹੈ। ਡਾਇਰੀ, ਇਤਿਹਾਸ, ਬਿਰਤਾਂਤ, ਰੇਖਾ-ਚਿੱਤਰ ਕਈ ਵਿਧਾਵਾਂ ਜੁੜ ਕੇ ਇਕ ਨਵੀਂ ਸੰਰਚਨਾ ਬਣ ਜਾਂਦੀ ਹੈ। ਜਿਸ ਵਿੱਚ ਯਥਾਰਥ ਨਾਲ ਸੰਬੰਧਿਤ ਵਿਅਕਤੀਆਂ, ਪਾਤਰਾਂ ਨਾਲ ਸਬੰਧਤ ਇਕ ਪਰਵਾਹ ਅੱਗੇ ਤੁਰਿਆ ਜਾਂਦਾ ਹੈ। ਇਹ ਨਾਵਲ ਵਾਂਗ ਦਿਲਚਸਪ ਹੈ, ਹਾਲਾਂਕਿ ਇਸਦਾ ਆਧਾਰ ਗਲਪ ਨਹੀਂ, ਸਗੋਂ ਯਥਾਰਥ ਹੈ। ਇਸੇ ਲਈ ਇਸ ਪੁਸਤਕ ਵਿੱਚ ਨਾਮਧਾਰੀ ਸਮਾਜ ਦੀ ਸਮੁੱਚੀ ਸੰਰਚਨਾ ਤੇ ਸਮੁੱਚਾ ਬਿੰਬ ਉਘੜਦਾ ਹੈ, ਉਸ ਸਮਾਜ ਦੇ ਵਿਅਕਤੀ ਧਰਮ, ਸਮਾਜ, ਇਤਿਹਾਸ, ਰਾਜਨੀਤੀ, ਸਾਹਿਤ, ਸੰਗੀਤ, ਖੇਡਾਂ, ਸੱਭਿਆਚਾਰ ਦੇ ਭਿੰਨ-ਭਿੰਨ ਖੇਤਰਾਂ ਵਿੱਚ ਕਿਵੇਂ ਵਿਚਰਦੇ ਹਨ ਤੇ ਕਿਵੇਂ ਸੋਚਦੇ ਹਨ। ਇਸ ਰਚਨਾ ਦਾ ਪ੍ਰਭਾਵ ਇਸਦੀ ਵਿਲੱਖਣ ਸ਼ੈਲੀ ਵਿੱਚ ਹੈ। ਕਿਸੇ ਭਾਸ਼ਾ ਵਿੱਚ ਜਿੰਨੀਆਂ ਵਿਲੱਖਣ ਤੇ ਭਿੰਨ-ਭਿੰਨ ਵਿਧਾਵਾਂ ਵਿਕਸਤ ਹੋਣ ਉਸ ਭਾਸ਼ਾ ਦੀ ਅਮੀਰੀ ਓਨੀ ਹੀ ਵਿਕਸਤ ਹੁੰਦੀ ਹੈ।"

ਏਨੀ ਉੱਚ ਸਾਹਿਤਕ ਸ਼ੈਲੀ ਵਿੱਚ ਲਿਖੀ ਪ੍ਰਮਾਣਿਕ ਗੁਰ-ਗਾਥਾ ਦਾ ਅਣਛਪਿਆ ਹਿੱਸਾ ਪਾਠਕਾਂ ਤੱਕ ਪੁੱਜਦਾ ਕਰਦਿਆਂ ਸਨਿਮਰ ਰਾਇ ਦੇਣੀ ਚਾਹੁੰਦਾ ਹਾਂ ਕਿ ਸਤਿਗੁਰੂ ਜਗਜੀਤ ਸਿੰਘ ਪ੍ਰਕਾਸ਼ ਸ਼ਤਾਬਦੀ ਵਰ੍ਹੇ ਦੌਰਾਨ 'ਬੀਤੇ ਦੀਆਂ ਪੈੜਾਂ, ਦੇ ਛਪ ਚੁੱਕੇ 17 ਭਾਗ ਪ੍ਰਾਪਤ ਕਰਕੇ ਪੜ੍ਹਨੇ ਸ਼ੁਰੂ ਕਰੋ। ਵਿਸ਼ੇਸ਼ ਕਰਕੇ ਪ੍ਰਚਾਰਕਾਂ, ਕਥਾਵਾਚਕਾਂ ਅਤੇ ਜਥੇਦਾਰਾਂ ਨੂੰ ਇਹ ਸਾਰੇ ਭਾਗ ਜ਼ਰੂਰ ਪੜ੍ਹਨੇ ਚਾਹੀਦੇ ਹਨ।

'ਬੀਤੇ ਦੀਆਂ ਪੈੜਾਂ, ਰਾਹੀਂ ਕਵੀ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦਾ ਕ਼ਰੀਬ ਦੋ ਦਹਾਕਿਆਂ ਦਾ ਇਤਿਹਾਸ ਸੁਰੱਖਿਅਤ ਕੀਤਾ ਹੈ। ਬੀਤੇ ਦੀਆਂ ਪੈੜਾਂ ਦਾ ਪਾਠ ਕਰਦਿਆਂ ਗੁਰੂ ਚਰਨਾਂ ਦੇ ਪ੍ਰੇਮੀ ਸਿੱਖ, ਸਤਿਗੁਰੂ ਜਗਜੀਤ ਸਿੰਘ ਜੀ ਨਾਲ ਬਿਤਾਏ ਪਲਾਂ ਨੂੰ ਪੁਨਰ ਜੀਵਤ ਕਰ ਸਕਦੇ ਹਨ। ਸਤਿਗੁਰੂ ਜੀ ਨੂੰ ਆਪਣੇ ਅੰਗ-ਸੰਗ ਮਹਿਸੂਸ ਕਰਦਿਆਂ, ਸਤਿਗੁਰੂ ਜੀ ਦੇ ਸੰਗ-ਸਾਥ ਵਿਚਰਨ ਦਾ ਅਨੁਭਵ ਹੁੰਦਾ ਹੈ।

ਕਵੀ ਪ੍ਰੀਤਮ ਸਿੰਘ ਰਚਿਤ 'ਬੀਤੇ ਦੀਆਂ ਪੈੜਾ' ਭਾਗ 1 ਤੋਂ 17 ਤੱਕ ਪੁਸਤਕਾਂ ਛਪ ਚੁੱਕੀਆਂ ਹਨ। ਜਿਨਾਂ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਬ ਪੱਖੀ ਸ਼ਖ਼ਸੀਅਤ ਦੇ ਅਨੇਕਾਂ ਪੱਖ ਉਜਾਗਰ ਹੁੰਦੇ ਹਨ। ਪਹਿਲੇ ਭਾਗ ਵਿੱਚ 1958-59 ਅਤੇ 1962-64 ਈ. ਤੱਕ ਦੇ ਕੁਝ ਕੁ ਵੇਰਵੇ ਹਨ। ਇਸ ਤੋਂ ਬਾਅਦ ਆਪ ਨੇ 8 ਜੁਲਾਈ 1977 ਤੋਂ ਲਗਾਤਾਰ ਲਿਖਣਾ ਸ਼ੁਰੂ ਕੀਤਾ ਜੋ ਕਿ 1993-94 ਤੱਕ ਜਾਰੀ ਰਿਹਾ। ਪਹਿਲੋਂ-ਪਹਿਲ 'ਬੀਤੇ ਦੀਆਂ ਪੈੜਾਂ' ਮਾਸਿਕ 'ਵਰਿਆਮ, ਵਿੱਚ ਲੜੀਵਾਰ ਛਪਣੀਆਂ ਸ਼ੁਰੂ ਹੋਈਆਂ। ਉਪਰੰਤ ਸੁਝਵਾਨ ਲੇਖਕਾਂ ਦੇ ਭਰਵੇਂ ਹੁੰਗਾਰੇ ਤੇ ਲੋੜ ਮਹਿਸੂਸ ਕੀਤੀ ਗਈ ਤੇ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਹੋਈਆਂ। 17 ਅਗਸਤ 1986 ਤੱਕ ਦੇ ਵੇਰਵੇ 17 ਵੇਂ ਭਾਗ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ। ਬਾਕੀ ਅਣਛਪੇ ਖਰੜੇ ਸਤਿਜੁਗ ਰਾਹੀਂ ਲਗਾਤਾਰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਨ ਦਾ ਯਤਨ ਕਰ ਰਹੇ ਹਾਂ।

-ਸੰਪਾਦਕ

17 ਅਗਸਤ 1986, ਐਤਵਾਰ
ਸ੍ਰੀ ਭੈਣੀ ਸਾਹਿਬ

**ਪੰਜਾਬ ਕੇਸਰੀ ਵਿੱਚ** – ਅੱਜ ਦੇ ਇਸ ਅਖ਼ਬਾਰ ਵਿਚ ਮੇਰੇ ਮਿੱਤਰ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ (ਲਗੇਰੀ–ਜ਼ਿਲ੍ਹਾ ਹੁਸ਼ਿਆਰਪੁਰ) ਦਾ ਇੱਕ ਲੇਖ ਛਪਿਆ 'ਕਿਆ ਉਗ੍ਰਵਾਦੀ ਸਿਖ ਹੈਂ?' ਸਿਰਲੇਖ ਹੈ। ਇਸ ਵਿੱਚ ਕੈਨੇਡੀਅਨ ਨੇ ਸਪੱਸ਼ਟ ਕੀਤਾ ਕਿ ਅੱਤਵਾਦੀਆਂ ਦਾ ਨਿਸ਼ਾਨਾ ਸਿੱਖੀ ਦਾ ਸਹਾਇਕ ਹੋਣਾ ਨਹੀਂ, ਸਗੋਂ ਉਹ ਤਾਂ ਨਾਮਧਾਰੀਆਂ, ਰਾਧਾ ਸੁਆਮੀ ਤੇ ਕਾਂਗਰਸੀ ਸਿੱਖਾਂ ਨੂੰ ਵੀ ਆਪਣੇ ਦੁਸ਼ਮਣਾਂ ਵਿੱਚ ਗਿਣਦੇ ਹਨ। ਸਤਿਗੁਰੂ ਜੀ ਨੇ ਸਾਰਾ ਲੇਖ ਧਿਆਨ ਨਾਲ ਪੜ੍ਹਿਆ ਤੇ ਲੇਖਕ ਦੀ ਪਹੁੰਚ ਨੂੰ ਪਸੰਦ ਕੀਤਾ।

**ਮਾਤਾ ਚੰਦ ਕੌਰ ਜੀ** – ਮਾਤਾ ਜੀ ਇੱਕ ਦੋ ਚੱਕਰ ਸਾਰੇ ਉਸਾਰੀ ਖੇਤਰਾਂ ਵੱਲ ਮਾਰਦੇ ਹਨ। ਮਾਤਾ ਜੀ ਨਾਲ ਦੋ ਚਾਰ ਇਸਤਰੀਆਂ ਸੇਵਾ ਵਿੱਚ ਰਹਿੰਦੀਆਂ ਹਨ। ਅੱਜ ਉਨ੍ਹਾਂ ਦੀਆਂ ਨੂੰਹਾਂ ਨੈਰੋਬੀ ਦੀਆਂ ਭੈਣਾਂ ਤੇ ਬੀਬਾ ਜੀ ਸਹਿਜੇ ਸਹਿਜੇ ਪਿੱਛੇ ਜਾ ਰਹੀਆਂ ਸਨ। ਵੱਡੇ ਠਾਕਰਾਂ ਦੀ ਪਤਨੀ ਪਿੱਛੇ 'ਕੱਲੀ ਹੀ ਇੱਕ ਵਾਰ ਨਜ਼ਰ ਪਈ। ਬੇਬੇ ਦਲੀਪ ਕੌਰ, ਸਤਿਗੁਰੂ ਜੀ ਨਾਲ ਆਏ ਲੱਗਦੇ ਹਨ। ਉਹ ਅਚਾਨਕ ਹੀ, ਦੂਰੋਂ ਦਿਸੇ। ਠਾਕਰ ਉਦੇ ਸਿੰਘ ਜੀ ਭੀ ਅੱਜ ਬੈਂਕਾਕ ਤੋਂ ਪਹੁੰਚ ਗਏ ਹਨ। ਗੁਰੂ ਪਰਵਾਰ ਵਿਚ ਖਾਸੀ ਰੌਣਕ ਹੈ।

**ਤਾਨਪੁਰੇ ਛੋਟੇ** – ਕੀਰਤਨ ਦੇ ਆਰੰਭ ਸਮੇਂ ਸਤਿਗੁਰੂ ਜੀ ਨੇ ਉਸਤਾਦ ਵਲਾਇਤ ਖਾਂ ਵਲੋਂ ਭੇਟ ਵੱਡੇ ਵੱਡੇ ਤਾਨਪੁਰਿਆਂ ਦੀ ਥਾਂ ਛੋਟਿਆਂ ਦਾ ਇੱਕ ਜੋੜਾ ਮੰਗਵਾਇਆ। ਸਤਿਗੁਰੂ ਜੀ ਮੇਰੇ ਨਾਲ ਬਚਨ ਕੀਤਾ: ਸਾਡੇ ਕੀਰਤਨ ਕਰਨ ਵਾਲੇ ਵਾਜੇ ਦੇ ਚੌਥੇ ਕਾਲੇ ਦੀ ਸੁਰ ਰੱਖਦੇ ਹਨ। ਵੱਡੇ ਤਾਨਪੁਰੇ ਏਨੇ ਉੱਚੇ ਮਿਲਦੇ ਨਹੀਂ, ਉਹਨਾਂ ਦੀਆਂ ਤਾਰਾਂ ਟੁੱਟ ਜਾਂਦੀਆਂ ਹਨ। ਇਹ ਛੋਟੇ ਕਾਫ਼ੀ ਉੱਚੀਆਂ ਸੁਰਾਂ ਤੇ ਮਿਲ ਜਾਂਦੇ ਹਨ। ਆਮ ਕਰਕੇ ਸਤਿਗੁਰੂ ਜੀ ਹੀ ਤਾਨਪੁਰੇ ਸੁਰ ਕਰਕੇ ਵਜਾਉਣ ਵਾਲਿਆਂ ਦੇ ਦਿੰਦੇ ਹਨ।

**ਰਾਗ ਕਲਾਵਤੀ** – ਕੀਰਤਨਕਾਰ ਜਿਨ੍ਹਾਂ ਦਾ ਮੁਖੀ ਸੰਤ ਹਰਬੰਸ ਸਿੰਘ ਘੁੱਲਾ ਹੈ, ਅੱਜ ਰਾਗ ਕਲਾਵਤੀ ਗਾਉਣ ਲੱਗੇ। ਔੜਵ ਜਾਤੀ ਦੇ ਇਸ ਰਾਗ ਵਿੱਚ ਸ ਗ ਪ ਧ ਨ ਸ ਪੰਜ ਸੁਰ ਲੱਗਦੇ ਹਨ। ਆਮ ਕਰਕੇ ਅੱਜ–ਕੱਲ੍ਹ ਕੀਰਤਨ ਦੇ ਆਰੰਭ ਲਈ ਮੰਗਲਚਾਰ ਸਤਿਗੁਰੂ ਜੀ ਹੀ ਕੀਤਾ ਕਰਦੇ ਹਨ।

ਇਸ ਤੇ ਸ਼ਬਦ ਹੈ: ਰੇ ਮਨ ਤਾ ਕਉ ਧਿਆਈਐ ਸਭ ਬਿਧਿ ਜਾ ਕੈ ਹਾਥਿ॥ ਸਤਿਗੁਰੂ ਜੀ ਵਲੋਂ ਹੁਣ ਤੱਕ ਇਹ ਅਛੂਹ ਰਾਗ ਭਲੀ ਪਰਕਾਰ ਗੰਵਿਆਂ ਭੀ ਗਿਆ ਅਤੇ ਇਸ ਵਿੱਚ ਤਿਹਾਈਆਂ ਵੀ ਖ਼ੂਬ ਲਗਾਈਆਂ। ਅਸਲ ਵਿੱਚ ਤਿਹਾਈਆਂ, ਤਿੰਨ ਤਿਹਾਈਆਂ ਆਦਿ ਲਗਾਣੀਆਂ ਤਾਂ ਆਪ ਦਾ ਖੱਬੇ ਹੱਥ ਦੇ ਖੇਲ ਵਾਂਗ ਹੈ।

**ਬੱਚੇ ਹੀ ਬੱਚੇ** – ਅੱਜ ਕੋਈ ਐਸਾ ਹੀ ਸਮਾਂ ਬਣ ਗਿਆ, ਜਦੋਂ ਕੀਰਤਨ ਦੀ ਸਮਾਪਤੀ ਦੀ ਅਰਦਾਸ ਹੋਈ ਤਾਂ ਦਰਜਨ ਭਰ ਛੋਟੇ ਛੋਟੇ (ਕੁਛੜਲੇ) ਬੱਚਿਆਂ ਨੂੰ ਲੈ ਕੇ ਮਾਂਵਾਂ ਜਾਂ ਮਾਤਾ–ਪਿਤਾ ਦੋਨੋਂ ਹੀ ਹਾਜ਼ਰ ਹੋਏ, 3–3, 4–4 ਦੇ ਟੋਲਿਆਂ ਵਿੱਚ। ਮਨੋਰਥ ਸੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਉਨ੍ਹਾਂ ਦੀ ਅਰੋਗਤਾ ਲਈ ਅਰਜ਼ਾਂ। ਬਾਲਗ ਇਸਤਰੀ ਪੁਰਸ਼ ਵੀ ਰੋਗ ਨਵਿਰਤੀ ਹਿੱਤ ਸਾਹਮਣੇ ਆਏ। ਸ੍ਰੀ ਸਤਿਗੁਰੂ ਜੀ ਨੇ ਬਹੁਤਿਆਂ ਨੂੰ ਭਜਨ ਭਗਉਤੀਆਂ ਦੀ ਮਾਲਾ ਫੇਰ ਕੇ ਅਰਦਾਸ ਕਰਨ ਲਈ ਆਖਿਆ। ਕਈਆਂ ਨੂੰ ਵੈਦ ਦਾ ਉਪਚਾਰ ਕਰਨ ਦਾ ਸੁਝਾਉ ਦਿੱਤਾ।

**ਲੋਕਾਚਾਰ ਵਿੱਚ ਭੈਣੀ ਸਾਹਿਬ ਦਾ ਪ੍ਰਭਾਵ** – ਕਾਮਰੇਡ ਸੁਰਜੀਤ ਖੁਰਸ਼ੀਦੀ ਕੋਟ ਗੰਗੂ ਰਾਇ ਨੇ ਮੈਨੂੰ ਦੱਸਿਆ ਕਿ ਗੁਰਦੁਆਰਾ ਭੈਣੀ ਸਾਹਿਬ ਦੇ ਦੁਆਲੇ ਦੇ ਪਿੰਡਾਂ ਤੇ ਐਸਾ ਪ੍ਰਭਾਵ ਹੈ ਕਿ ਉਹ ਆਪਣੀਆਂ ਉਕਤੀਆਂ ਵਿੱਚ ਇਸਦੀ ਵਰਤੋਂ ਕਰਦੇ ਹਨ। ਖੁਰਸ਼ੀਦੀ ਨੇ ਤਾਂ ਮੈਨੂੰ ਚਾਰ ਪੰਜ ਉਕਤੀਆਂ ਦੱਸੀਆਂ ਸਨ। ਮੈਨੂੰ ਇਸ ਘੜੀ ਜੋ ਯਾਦ ਰਹੀਆਂ ਹਨ। (1) ਮਾਂ ਬਾਪ ਜਾਂ ਸੱਜਣ ਮਿੱਤਰ ਉੱਦਮ ਕਰਨ ਲਈ ਕਿਸੇ ਨੂੰ ਪਰੇਰਨ ਲਈ ਕਹਿਣਗੇ : 'ਕੋਈ ਜਤਨ ਕਰ ਕਮਾਈ ਦਾ ਕਿ ਰੋਟੀਆਂ ਭੈਣੀ ਸਾਹਿਬ ਦੇ ਲੰਗਰੋਂ ਜਾ ਖਾਣੀਆਂ ਨੀਂ।'

(2) ਜੇ ਬਰਸਾਤ ਵੇਲੇ ਸਿਰ ਪੈ ਜਾਏ ਤਾਂ ਲੋਕ ਕਹਿਣਗੇ : ਭਈ ਬਰਸਾਤ ਤਾਂ ਵੇਲੇ ਸਿਰ ਹੋਈ ਹੀ ਹੋਣੀ, ਭੈਣੀ ਸਾਹਿਬ ਯੱਗ ਜੁ ਹੋ ਰਿਹਾ ਹੈ।

(3) ਵਿਹਲੇ ਬੈਠੇ ਰਹਿਣ ਨਾਲੋਂ ਤਾਂ ਭੈਣੀ ਸਾਹਿਬ ਹੀ ਚਲਾ ਜਾਹ, ਕੁਛ ਹੱਥ ਤਾਂ ਹਲਾਵੇਂਗਾ ਹੀ ਨ – ਨਾਲੇ ਸੇਵਾ ਦਾ ਲਾਹ, ਨਾਲੇ ਰੋਟੀ ਦੀ ਬੇਫਿਕਰੀ।

**ਵਿਸ਼ੇਸ਼ ਮੀਟਿੰਗ** – ਅੱਜ ਫਿਰ 4.15 ਵਜੇ ਸ੍ਰੀ ਸਤਿਗੁਰੂ ਜੀ ਨਾਲ ਸਾਡੀ ਵਿਸ਼ੇਸ਼ ਬੈਠਕ ਸੀ। ਸਕੱਤਰ

ਤਰਸੇਮ ਸਿੰਘ, ਪੰਡਿਤ ਗੋਪਾਲ ਸਿੰਘ ਜੀ, ਜਸਵਿੰਦਰ ਸਿੰਘ ਹਿਸਟੋਰੀਅਨ ਅਤੇ ਮੈਂ (ਪ੍ਰੀਤਮ ਸਿੰਘ ਕਵੀ) ਜਿਉਂ ਹੀ ਬੈਠੇ। ਸਤਿਗੁਰੂ ਜੀ ਨੇ ਡਾ. ਅਮਰ ਭਾਰਤੀ ਦੀ ਮਹਾਰਾਜ ਜੀ ਵੱਲ ਲਿਖੀ ਚਿੱਠੀ ਦੀ ਉਹਦੇ ਵਲੋਂ ਭੇਜੀ ਨਕਲ ਦਾ ਪਾਠ ਸੁਣਾ ਕੇ ਬਚਨ ਕੀਤਾ: ਭਾਰਤੀ ਨੇ ਸਿਆਣਪ ਵਰਤੀ ਹੈ ਜੁ ਮਹਾਰਾਜ ਜੀ ਨਾਲ ਅੰਦਰੋ ਗਤੀ ਹੋਈ ਗੱਲਬਾਤ ਦਾ ਪਤਾ ਸਾਨੂੰ ਵੀ ਦੇ ਦਿੱਤਾ ਹੈ। ਮਹਾਰਾਜ ਜੀ ਨੇ ਇਸ ਬਾਰੇ ਕਦੇ ਮੇਰੇ ਨਾਲ ਜਿਕਰ ਨਹੀਂ ਕੀਤਾ ਕਿ ਉਹ ਸਤਿਜੁਗ ਦੀ ਸੰਪਾਦਨਾ ਲਈ ਭਾਰਤੀ ਨੂੰ ਵੀ ਪਹੁੰਚ ਕਰ ਰਹੇ ਹਨ।

ਹੋਰ ਵੀ ਜੁ ਅੱਜ ਗੱਲਬਾਤ ਹੋਈ ਮੈਂ ਸਤਿਗੁਰੂ ਜੀ ਨੂੰ ਸਭ ਤੋਂ ਚੁਸਤ, ਮਸਲਿਆਂ ਵੱਲ ਦਰੁਸਤ ਤੇ ਗਤੀਵਾਨ ਪਹੁੰਚ ਕਰਦਿਆਂ ਵੇਖਿਆ। ਸਾਡੀ ਮੀਟਿੰਗ ਅੱਜ ਵੀ ਪੌਣਾ ਘੰਟਾ ਭਰ ਚੱਲੀ। ਸਤਿਗੁਰੂ ਜੀ ਦੇ ਨਿਰਣੇ ਸਹੀ ਤੇ ਤੁਰਤ ਸਨ।

18 ਅਗਸਤ 1986, ਸੋਮਵਾਰ
ਸ੍ਰੀ ਭੈਣੀ ਸਾਹਿਬ

**ਆਸਾ ਦੀ ਵਾਰ ਵਿਸ਼ੇਸ਼** – ਸੁਖਦੇਵ ਸਿੰਘ ਤਬਲਾ ਵਾਦਕ ਕੱਲ ਬਹੁਤ ਲੇਟ ਆਸਾ ਦੀ ਵਾਰ ਦੇ ਦੀਵਾਨ ਵਿੱਚ ਪਹੁੰਚਾ ਸੀ। ਸ੍ਰੀ ਸਤਿਗੁਰੂ ਜੀ ਉਸਨੂੰ ਘੜੀ ਵਖਾ ਕੇ ਸੰਕੇਤਕ ਸ਼ਰਮਸਾਰ ਕੀਤਾ ਪਰ ਸਮਾਪਤੀ ਸਮੇਂ ਆਗਿਆ ਕੀਤੀ ਕਿ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸੁਖਦੇਵ ਸਿੰਘ ਅਤੇ ਸ਼ੇਰ ਸਿੰਘ (ਦੋਵੇਂ ਤਬਲਾ ਵਾਦਕ) ਹੀ ਕਰਨਗੇ, ਹੋਰ ਕੋਈ ਨਹੀਂ ਬੋਲੇਗਾ ਅਤੇ ਜਦੋਂ ਮੈਂ ਅੱਜ ਦੀਵਾਨ ਵਿੱਚ ਜਾ ਗੁਰੂ ਕੇ ਦਰਸ਼ਨ ਪਾਏ, ਇਹ ਦੋਵੇਂ ਛੱਕੇ ਸਲੋਕ ਗਉਂ ਰਹੇ ਸਨ। ਸੰਤ ਹਰਬੰਸ ਸਿੰਘ ਘੁੱਲਾ ਤੇ ਬਲਜੀਤ ਸਿੰਘ ਦਿਲਰੁਬਾ ਵਜਾ ਰਹੇ ਸਨ। ਸੰਤ ਖਜ਼ਾਨ ਸਿੰਘ ਮੌਨ ਸਰੋਤਾ ਸੀ।

**ਸੁਰਜੀਤ ਕੌਰ ਦਿੱਲੀ** – ਸੰਤ ਸੁਖਦਰਸ਼ਨ ਸਿੰਘ-ਸੁਰਜੀਤ ਕੌਰ ਮਾਨ ਸਰੋਵਰ ਨਵੀਂ ਦਿੱਲੀ ਦਾ ਪਰਵਾਰ ਸਤਿਗੁਰੂ ਜੀ ਦੀ ਵਿਸ਼ੇਸ਼ ਕਿਰਪਾ ਦਾ ਪਾਤਰ ਹੈ। ਪਹਿਲਾਂ ਉਨ੍ਹਾਂ ਦੇ ਹਵਾਲੇ ਸੰਤ ਜਗਤਾਰ ਸਿੰਘ-ਬੀਬਾ ਜੀ ਦਾ ਸਪੁੱਤਰ ਜੈ ਸਿੰਘ ਕੀਤਾ ਗਿਆ ਸੀ ਤਾਕਿ ਬੱਚਾ ਸ਼ਹੀਦ ਬਿਸ਼ਨ ਸਿੰਘ ਸਕੂਲ ਦਿੱਲੀ ਵਿੱਚ ਵਿੱਦਿਆ ਪ੍ਰਾਪਤ ਕਰ ਸੱਕੇ। ਕੁਛ ਸਮੇਂ ਤੋਂ ਠਾਕੁਰ ਦਲੀਪ ਸਿੰਘ-ਗੁਰਮੀਤ ਕੌਰ ਜੀ ਦੀ ਪ੍ਰਥਮ ਪੁੱਤ੍ਰੀ ਨਿਰਮਲ ਵੀ ਸੁਰਜੀਤ ਕੌਰ ਦੀ ਸੰਭਾਲ ਵਿੱਚ ਹੈ।

**ਬੀਂਡੇ ਦੇ ਪੁੱਤਰ ਤੇ ਮਿਹਰ** – ਸੰਤ ਮਹਿੰਦਰ ਸਿੰਘ ਬੀਂਡਾ ਅੱਜ ਕੱਲ ਸੂਬਾ ਵਰਿਆਮ ਸਿੰਘ ਦੀ ਥਾਂ ਗੁਰੂ ਕੇ ਮਾਲ ਡੰਗਰਾਂ ਦਾ ਮੁਖੀ ਹੈ ਅਰਥਾਤ ਗਊ ਸ਼ਾਲਾ ਇੰਚਾਰਜ ਹੈ। ਅੱਜ ਸਾਡਾ ਜਲਪਾਣ ਇਸ ਵੱਲ ਸੀ। ਬਿਰਧਸ਼ਾਲਾ ਦੇ ਉਪਰਲੇ ਕਮਰਿਆਂ ਵਿੱਚ ਇਸ ਦੇ ਪਰਵਾਰ ਦੀ ਰਿਹਾਇਸ਼ ਹੈ। ਗੱਲਬਾਤ ਚਲਦਿਆਂ ਮਹਿੰਦਰ ਸਿੰਘ ਦੀ ਪਤਨੀ ਬਲਵਿੰਦਰ ਕੌਰ ਸਪੁਤ੍ਰੀ ਮਹੰਤ ਬਖਤੌਰ ਸਿੰਘ ਨੇ ਦੱਸਿਆ ਕਿ ਉਸਦਾ ਵੱਡਾ ਲੜਕਾ ਗੁਰਬਚਨ ਸਿੰਘ ਬਿੱਲਾ ਜੁ ਅੱਜ ਕੱਲ ਨਾਵੀਂ ਵਿੱਚ ਪੜ੍ਹਦਾ ਹੈ, ਪਿਛਲੇ ਤਿੰਨ ਸਾਲ ਮਿਰਗੀ ਦੇ ਦੌਰਿਆਂ ਦਾ ਸ਼ਿਕਾਰ ਰਿਹਾ ਹੈ। ਪਤਾ ਨਹੀਂ ਸੀ ਲੱਗਦਾ ਉਸਨੇ ਕਦੋਂ ਤੇ ਕਿੱਥੇ ਬੇਹੋਸ਼ ਹੋ ਜਾਣਾ ਹੈ। ਅਜਿਹੀ ਹਾਲਤ ਵਿੱਚ ਦੰਦਲ ਪੈ ਜਾਣੀ, ਮੂੰਹ ਝੱਗੋ-ਝੱਗ ਹੋ ਜਾਣਾ, ਸਰੀਰ ਸਾਰਾ ਖਿੱਚਿਆ ਜਾਣਾ। "ਸਾਨੂੰ ਆਪਣੇ ਜੁਆਨ ਹੋ ਰਹੇ ਪੁੱਤ੍ਰ ਦੀ ਸਿਹਤ ਦੀ ਬੜੀ ਚਿੰਤਾ ਸੀ। ਇਕ ਦਿਨ ਉਹ ਏਨਾ ਕਸੂਤੀ ਹਾਲਤ ਵਿੱਚ ਮੇਰੇ ਸਾਹਮਣੇ ਪਿਆ ਸੀ ਕਿ ਵੇਖ ਕੇ ਮੇਰਾ ਰੋਣ ਨਿਕਲ ਗਿਆ। ਮੈਂ ਆਪਣੇ ਸੰਤਾਂ ਨੂੰ ਕਿਹਾ, ਸਤਿਗੁਰਾਂ ਨੂੰ ਸੱਦੋ ਉਹ ਕਿਰਪਾ ਕਰਨ।" ਬੀਬੀ ਬਲਵਿੰਦਰ ਨੇ ਵਿਥਿਆ ਸੁਣਾਉਂਦਿਆਂ ਕਿਹਾ। ਇਲਾਜ ਬਥੇਰੇ ਕੀਤੇ ਕਰਵਾਏ ਪਰ ਬੱਚੇ ਤੇ ਕੋਈ ਅਸਰ ਨਹੀਂ ਸੀ।

"ਮੇਰਾ ਪਤੀ ਸੱਚੇ ਪਾਤਸ਼ਾਹ ਜੀ ਨੂੰ ਕਿਤੇ ਨੇੜੇ ਹੀ ਜਾਣ ਅਰਜ਼ ਕਰ ਕੇ ਲੈ ਆਇਆ। ਆਪ ਜੀ ਨੇ ਬੇਹਾਲ ਮੂੰਧੇ ਮੂੰਹ ਪਏ ਮੇਰੇ ਮੁੰਡੇ ਦੀ ਕਮਰ ਤੇ ਮਿੰਟ ਭਰ ਚਰਨ ਰੱਖਿਆ ਤੇ ਸਾਨੂੰ ਹੁਕਮ ਕੀਤਾ ਇਸ ਤੇ ਡੰਡਾ ਬੈਂਚ (ਮਸਾਜ਼) ਦਾ ਇਲਾਜ ਕਰੋ। ਮੈਂ ਇੱਕ ਦੋ ਵੇਰ ਡੰਡਾ ਬੈਂਚ ਦੀ ਵਰਤੋਂ ਵੀ ਕੀਤੀ ਪਰ ਉਸਤੇ ਸਤਿਗੁਰਾਂ ਦੀ ਮੇਹਰ ਹੋ ਚੁੱਕੀ ਸੀ। ਇਸ ਚਰਨ ਛੋਹ ਤੋਂ ਪਿੱਛੋਂ ਕਦੇ ਮਿਰਗੀ ਦਾ ਦੌਰਾ ਨਹੀਂ ਪਿਆ। ਹੁਣ ਬੱਚਾ ਠੀਕ ਠਾਕ ਹੈ ਤੇ 9ਵੀਂ ਜਮਾਤ ਦਾ ਵਿਦਿਆਰਥੀ ਹੈ।"

ਬੀਬੀ ਨੂੰ ਭਰੋਸਾ ਸੀ ਕਿ ਜੋ ਕੰਮ ਡਾਕਟਰਾਂ ਦੀਆਂ ਦਵਾਈਆਂ ਨਹੀਂ ਕਰ ਸਕਦੀਆਂ, ਉਹ ਸਤਿਗੁਰੂ ਦੀ ਕਿਰਪਾ ਕਰ ਸਕਦੀ ਹੈ।

**ਮੰਡੀ ਵਾਲਿਆਂ ਦੀ ਜਿਪਸੀ** – ਮੈਂ ਅਤੇ ਜਸਵਿੰਦਰ ਸਿੰਘ ਦਿੱਲੀ 7 ਵਜੇ ਬਾਬਾ ਅਰਜਨ ਸਿੰਘ ਮਠਾੜੂ ਅਤੇ ਬਾਬਾ ਹਰਦੇਵ ਸਿੰਘ ਬਖਸ਼ੀ ਦੋਹਾਂ ਬਿਰਧਾਂ

ਨੂੰ ਮਿਲਣ ਚਲੇ ਸਾਂ ਕਿ ਸਾਡੇ ਇਕ ਦਮ ਨਜ਼ਦੀਕ ਆਕੇ ਇੱਕ ਜੀਪ ਰੁਕੀ। ਜੇ ਅੰਦਰ ਝਾਕਿਆ ਤਾਂ ਇਸਦਾ ਸਟੇਅਰਿੰਗ ਸ੍ਰੀ ਸਤਿਗੁਰੂ ਜੀ ਦੇ ਹਸਤ ਕੰਵਲਾਂ ਵਿੱਚ ਸੀ। ਦੀਨ ਦਿਆਲ ਜੀ ਨਾਲ ਅੱਖਾਂ ਮਿਲੀਆਂ ਤਾਂ ਬਚਨ ਕੀਤਾ : ਮੰਡੀ ਵਾਲਿਆਂ ਦੀ ਜਿਪਸੀ ਹੈ। ਕਹਿੰਦੇ ਸਨ ਚਰਨ ਪਾਓ। ਮੈਂ ਬਿਰਧਾਂ ਵਲੋਂ ਦੂਜੀ ਵਾਰ ਹੋ ਆਇਆ ਹਾਂ। ਪਸ਼ੂਸ਼ਾਲਾ ਵਿੱਚ ਇੱਕ ਢੱਟਾ (ਸਾਨ੍ਹ) ਕਿਤੋਂ ਜਖ਼ਮ ਲੁਆ ਕੇ ਆਇਆ ਹੈ, ਉਹਦਾ ਵੀ ਪਤਾ ਕਰਨਾ ਸੀ।

19 ਅਗਸਤ 1986. ਮੰਗਲਵਾਰ
ਸ੍ਰੀ ਭੈਣੀ ਸਾਹਿਬ

**ਸਤਿਗੁਰਾਂ ਦੀ ਨਿਕਟਤਾ** –_ਮੈਂ ਅਤੇ ਜਸਵਿੰਦਰ ਸਿੰਘ 9 ਵਜੇ ਕੋਠੀ ਦੇ ਵਰਾਂਡੇ ਵਿੱਚ ਕੁਰਸੀ ਤੇ ਸਸ਼ੋਭਿਤ ਸਤਿਗੁਰਾਂ ਦੇ ਦਰਸ਼ਨ ਜਾ ਕੀਤੇ। ਸੱਚੇ ਪਾਤਸ਼ਾਹ ਅਖਬਾਰ ਵਾਚ ਰਹੇ ਸਨ। ਠਾਕਰ ਜੀ ਛੋਟੇ ਤੇ ਗੁਰਮੁਖ ਸਿੰਘ ਖਾਰਾ ਵੀ ਕੋਲ ਸੀ। ਸ. ਜਗਤਾਰ ਸਿੰਘ ਜੀ ਵੀ ਪਾਸ ਬੈਠੇ ਸਨ।

ਪੰਜਾਬੀ ਟ੍ਰਿਬਿਊਨ ਵਿੱਚ 'ਚਾਚਾ ਚੰਡੀਗੜ੍ਹੀਆ' ਦਾ ਕਾਲਮ ਪੜ੍ਹ ਕੇ ਸਤਿਗੁਰੂ ਜੀ ਨੇ ਬਚਨ ਕੀਤਾ : ਸ. ਗੁਰਨਾਮ ਸਿੰਘ ਤੀਰ ਨੇ ਬੜੇ ਥੋੜ੍ਹੇ ਵਿੱਚ ਬਾਦਲ ਅਤੇ ਟੌਹੜੇ ਦੀ ਹੋਣੀ ਤੇ ਸਾਰੇ ਪੰਜਾਬ ਦੀ ਵਰਤਮਾਨ ਸਥਿਤੀ ਦਾ ਸੁਹਣਾ ਵਿਸ਼ਲੇਸ਼ਣ ਕੀਤਾ ਹੈ। ਸਤਿਗੁਰੂ ਦਾ ਕਥਨ ਸੀ ਕਿ ਸਾਰੇ ਪੰਜਾਬ ਨੂੰ ਘੇਰਦੀ ਤੀਰ ਦੀ ਲਿਖਤ ਜਚਵੀਂ ਹੈ ਤੇ ਪ੍ਰਸੰਸ਼ਾ ਵਜੋਂ ਨਾਲ ਹੀ ਕਿਹਾ : ਚਾਚੇ ਚੰਡੀਗੜ੍ਹੀਏ ਦਾ ਕਾਲਮ ਪੜ੍ਹ ਲਉ ਤਾਂ ਹੋਰ ਸਭੇ ਵਿੱਚ ਆ ਜਾਣਗੇ।

**ਸੁਧਾਰ ਘਰ** – ਏਥੇ, ਵਰਾਂਡੇ ਵਿੱਚ ਬੈਠਿਆਂ ਹੀ ਭੈਣੀ ਸਾਹਿਬ ਦਾ ਨਾਮਧਾਰੀ ਸਰਪੰਚ ਸੰਤ ਬਲਕਾਰ ਸਿੰਘ ਇੱਕ ਨੌਜਵਾਨ ਨੂੰ ਨਾਲ ਲੈ ਕੇ ਪੇਸ਼ ਹੋਇਆ। ਨੌਜਵਾਨ ਨੇ ਹੱਥ ਜੋੜ ਕੇ ਬਿਨੈ ਕੀਤੀ : ਜੀ ਮੈਂ ਅੱਗੇ ਤੋਂ ਤੌਬਾ ਕਰਦਾ ਹਾਂ। ਨਾ ਸ਼ਰਾਬ ਪੀਆਂਗਾ, ਨਾ ਕੋਈ ਹੋਰ ਗਲਤੀ ਕਰਾਂਗਾ, ਇਸ ਵਾਰ ਮਾਫ਼ ਕਰ ਦਿਓ।

ਸਤਿਗੁਰੂ ਜੀ ਨੇ ਬਲਕਾਰ ਸਿੰਘ ਨੂੰ ਤਾੜਿਆ : ਤੂੰ ਇਹਦੀ ਜ਼ਾਮਨੀ ਦਿੰਦਾ ਹੈਂ? ਨਾਲ ਜੁ ਲੈ ਕੇ ਆਇਐਂ, ਕੁਝ ਸਮਝ ਸੋਚ ਕੇ ਹੀ ਲਿਆਇਆ ਹੋਵੇਂਗਾ?

ਇਹ ਨੌਜਵਾਨ ਨਾਮਧਾਰੀ ਪਰਵਾਰ 'ਚੋਂ ਹੈ, ਸ਼ਰਾਬ ਪੀਣ ਲੱਗ ਪਿਆ ਤੇ ਫਿਰ ਸਾਰੇ ਘਰਦਿਆਂ ਨੂੰ ਤੰਗ ਕਰਨ ਲੱਗਾ। ਲੁਧਿਆਣੇ ਇਹਦਾ ਘਰ ਹੈ। ਇਹਦੀ ਪਤਨੀ ਦੀ ਬੇਨਤੀ ਤੇ ਹੀ ਇਸਨੂੰ ਭੈਣੀ ਸਾਹਿਬ ਲਿਆਂਦਾ ਗਿਆ ਤੇ ਚੌਕਸੀ ਰੱਖੀ ਗਈ।

ਸਿੱਖ ਨੇ ਫੇਰ ਅਰਜ਼ ਕੀਤੀ : ਜੀ ਇਸ ਵਾਰ ਮੈਨੂੰ ਮਾਫ਼ ਕਰ ਦਿਓ। ਸਤਿਗੁਰਾਂ ਬਚਨ ਕੀਤਾ : ਤੈਨੂੰ ਮਾਫ਼ ਕਰਨ ਲਈ ਹੀ ਕਿਹਾ ਹੈ ਕਿ ਅਜੇ ਜਾਣ ਦੀ ਆਗਿਆ ਨਹੀਂ ਮਿਲਣੀ। ਕੁਛ ਸਮੇਂ ਬਾਅਦ ਤੇਰਾ ਵਤੀਰਾ ਵੇਖ ਕੇ ਛੁੱਟੀ ਮਿਲ ਜਾਵੇਗੀ।

ਬਲਕਾਰ ਸਿੰਘ ਨੇ ਵੀ ਇਸ ਸਿੱਖ ਦੇ ਨਾਲ ਹੀ ਤੌਬਾ ਕਰ ਲਈ ਕਿ ਫਿਰ ਐਸੀ ਸਿਫਾਰਸ਼ ਨਹੀਂ ਕਰੇਗਾ ਜਿਸਦੀ ਬਾਅਦ ਵਿੱਚ ਪਕੜ ਨਾ ਕਰ ਸਕੇ। ਸਕੱਤਰ ਨੇ ਕਿਹਾ : ਸਿੰਘ ਬੀਬਾ ਹੈ ਜੀ, ਏਥੇ ਹੋਰ ਚਿਰ ਰਹਿ ਲਵੇਗਾ। ਇਸਦੀ ਪਤਨੀ ਹੀ ਆਪ ਨੂੰ ਅਰਜ਼ ਕਰਕੇ ਇਹਨੂੰ ਲੈ ਜਾਏਗੀ।

ਨੌਜਵਾਨ ਨੂੰ ਇਹ ਤਜਵੀਜ਼ ਪਰਵਾਨ ਕਰਨੀ ਪਈ।

**ਮਲਕੀਅਤ ਸਿੰਘ ਖਾਰਾ** – ਸੰਤ ਗੁਰਮੁਖ ਸਿੰਘ ਖਾਰਾ ਸੰਤ ਨਗਰ ਤੋਂ, ਜੁ ਅਜ ਕਲ ਭੈਣੀ ਸਾਹਿਬ ਹੀ ਰਹਿੰਦਾ ਹੈ ਦਾ ਦੂਜੇ ਪ੍ਰਵਾਰੋਂ ਲੜਕਾ ਮਲਕੀਤ ਸਿੰਘ, ਸੰਤ ਤਰਸੇਮ ਸਿੰਘ ਨੇ ਸਤਿਗੁਰੂ ਜੀ ਦੇ ਪੇਸ਼ ਕੀਤਾ : 'ਦੀਨ ਦਿਆਲ ਇਸਨੂੰ ਕੋਲ ਰੱਖਣਾ ਹੈ। ਆਪ ਜੀ ਇਸਨੂੰ ਸੇਵਾ ਦੱਸੋ।' ਹੁਕਮ ਹੋਇਆ : ਕੋਠੀ ਰਿਹਾ ਕਰੇ। ਮੈਸੈਂਜਰ ਦੇ ਤੌਰ ਤੇ ਕੰਮ ਦੇਵੇਗਾ। ਉਸਨੂੰ ਕਪੜਾ-ਲੱਤਾ ਤੇ ਬਿਸਤਰਾ ਕੋਠੀ ਵਿੱਚ ਹੀ ਲੈ ਆਉਣ ਦਾ ਆਦੇਸ਼ ਮਿਲ ਗਿਆ।

**ਹਾਂ ਜੀ, ਨਾਂਹ ਜੀ** – ਵਕਤ ਵੇਖ ਮੈਂ ਵੀ ਛੁੱਟੀ ਲੈ ਲਈ। ਉਂਜ ਮੇਰੀ ਦਿਲਚਸਪੀ ਤੇ ਸਤਿਗੁਰੂ ਜੀ ਦੀ ਲੋੜ ਦਾ ਕਾਰਜ ਇੱਕ ਹੀ ਸੀ। ਕੱਲ ਨੂੰ ਉਸਤਾਦ ਵਲੈਤ ਖਾਂ ਸਾਹਿਬ ਡੇਹਰਾਦੂਨ ਤੋਂ ਏਥੇ ਆ ਰਹੇ ਹਨ। ਏਥੇ ਕੁਛ ਬੱਚਿਆਂ ਨੂੰ 10 ਦਿਨਾਂ ਲਈ ਸੰਗੀਤ ਸਿਖਾਣਗੇ। ਬਲਜੀਤ, ਮੋਹਨ, ਸੁਖਦੇਵ ਆਦਿ ਉਹਨਾਂ ਤੋਂ ਸਿੱਖਣ ਦੇ ਕਾਬਿਲ ਹਨ। ਅਜਿਹੇ ਸਮੇਂ ਸਤਿਗੁਰੂ ਜੀ ਵੀ ਕੋਲ ਬੈਠਿਆ ਕਰਨਗੇ। ਇਹ ਸੁਖਦ ਸਮਾਂ ਮੇਰੇ ਸਾਹਮਣੇ ਬੀਤਣਾ ਚਾਹੀਦਾ ਹੈ ਪਰ ਮੈਂ ਘਰੋਂ 10 ਦਿਨ ਗ਼ੈਰ ਹਾਜ਼ਰ ਰਹਿ ਲਿਆ ਹੈ, ਅਜੇ 3-4 ਦਿਨ ਮੈਨੂੰ ਦਿੱਲੀ ਪਹੁੰਚਦਿਆਂ ਹੋਰ ਲੱਗ ਜਾਣਗੇ।

ਸੱਚੇ ਪਾਤਸ਼ਾਹ ਮੇਰੇ ਨਾਲ ਬਚਨ ਕਰਦਿਆਂ 'ਹਾਂ ਜੀ ਜਾਂ ਨਾ ਜੀ' ਮੇਰੀ ਮਰਜ਼ੀ ਮੁਤਾਬਕ ਉਚਾਰਦੇ ਰਹੇ। ਮੈਂ ਦੱਸਿਆ ਕਿ ਮੈਂ ਜੀਵਨ ਨਗਰ ਜਾਣਾ ਹੈ "ਠੀਕ ਹੈ, ਜਾਓ!" "ਮੈਥੋਂ ਸੰਗੀਤ ਸਮਾਗਮ ਵਿੱਚ ਨਹੀਂ ਆਇਆ ਜਾਣਾ" "ਨਾ ਆਇਓ!" ਇੰਜ ਮੈਨੂੰ ਆਗਿਆ ਮਿਲ ਗਈ।

ਉਂਜ ਮਾਲੂਮ ਹੋਇਆ ਹੈ ਕਿ 28.8.86 ਤੋਂ ਰਾਜਨ ਸਾਜਨ ਅਤੇ ਪੰ. ਦੁਰਗਾ ਲਾਲ, ਪੰ. ਕਿਸ਼ਨ ਮਹਾਰਾਜ ਆਦਿ ਵੀ ਬੁਲਾਏ ਜਾਣੇ ਹਨ। ਅਜਿਹੇ ਸਮੇਂ ਸੱਚੇ ਪਾਤਸ਼ਾਹ ਮੇਰੀ ਲੋੜ ਮਹਿਸੂਸ ਕਰਦੇ ਹੀ ਨੇ।

**ਪਟਦੀਪ** – ਕਥਾ, ਨਾਮ ਸਿਮਰਨ ਉਪਰੰਤ ਜਾਂ ਕੀਰਤਨ ਦੀ ਵਾਰੀ ਆਈ ਤਾਂ ਸਾਜ਼ ਸੁਰ ਹੁੰਦਿਆਂ ਬਲਜੀਤ ਸਿੰਘ ਨੂੰ ਅੱਜ ਦਾ ਰਾਗ ਪੁੱਛਿਆ ਗਿਆ। ਉਸ ਕਿਹਾ 'ਪਟਦੀਪ'। ਸਤਿਗੁਰੂ ਜੀ ਨੇ ਆਪਣੇ ਪੱਟ ਨੂੰ ਹੱਥ ਲਗਾ, ਦੀਆ ਸਲਾਈ ਜਲਾਣ ਦੀ ਕਿਰਿਆ ਵਾਂਗ ਕਰ ਦੀਪ ਨੂੰ ਛੂਹਾ ਅਵਤਾਰ ਸਿੰਘ ਤਬਲਾ ਵਾਦਕ ਨੂੰ ਪੁੱਛਿਆ ਪਟਦੀਪ ਕੀ? ਅਤੇ ਫਿਰ ਪੁੱਛਿਆ ਇਹਦੇ ਸੁਰ ਕਿਵੇਂ ਨੇ? ਉਸਨੇ ਇਸ ਰਾਗ ਨੂੰ ਔੜਵ ਸੰਪੂਰਨ ਦੱਸ ਕੇ ਕਾਫੀ ਠਾਠ 'ਚੋਂ ਸੁਰ ਗਿਣੇ : ਸ ਗ ਪ ਧ ਸ ਸ ਨ ਧ ਪ ਮ ਗ ਰ ਸ।

ਅੱਜ ਨੀਵਾਂ ਸੁਰ ਹੋਣ ਕਰਕੇ ਵੱਡੇ ਤੰਬੂਰਿਆਂ ਦਾ ਜੋੜਾ ਮੰਗਵਾਇਆ ਗਿਆ ਅਤੇ ਨਿਜੀ ਸੇਵਕ ਬਲਦੇਵ ਸਿੰਘ ਨੂੰ 'ਮਾਰਫੁਨਗਮਾਤ' (ਸੰਗੀਤ ਪੁਸਤਕ) ਲਿਆਉਣ ਵਾਸਤੇ ਘੱਲਿਆ। ਬਲਜੀਤ ਸਿੰਘ ਨੂੰ ਰਾਗ ਦਾ ਚਲਣ ਸਮਝਾਣ ਹਿਤ ਪੁਸਤਕ ਦਾ ਪੰਨਾ 308 ਕੱਢ ਕੇ ਵਖਾਇਆ ਜਿੱਥੇ ਉਸਦਾ ਚਲਣ, ਆਰੋਹੀ ਨ ਸ ਗ ਮ ਪ ਨ ਸ ਅਤੇ ਅਵਰੋਹੀ : ਸ ਨ ਧ ਪ ਮ ਗ ਰ ਸ ਲਿਖਿਆ ਹੋਇਆ ਸੀ।

ਬਲਜੀਤ ਨੇ ਅਰਜ਼ ਕੀਤੀ ਕਿ ਅਸੀਂ ਪਟਦੀਪ ਗਾ ਰਹੇ ਹਾਂ ਜਦੋਂ ਕਿ ਇਹ ਪਟਦੀਪਕੀ ਹੈ। ਇਸ ਅੰਤਰ ਨੂੰ ਸਮਝਣ ਲਈ ਸਤਿਗੁਰੂ ਜੀ ਹੋਰ ਸੰਗੀਤ ਪੁਸਤਕਾਂ ਦਾ ਅਧਿਐਨ ਕਰਨਗੇ। ਸਤਿਗੁਰਾਂ ਬਚਨ ਕੀਤਾ : ਪਟਦੀਪ ਤੇ ਪਟਦੀਪਕੀ ਇਹ ਅੰਤਰ ਖੋਜ ਦਾ ਮੁਥਾਜ ਹੈ ਅਤੇ ਮੈਨੂੰ ਦੱਸਿਆ : ਮਹਿਤਾ ਭੋਲਾ ਨਾਥ ਜੀ (ਸ੍ਰੀ ਹਜ਼ੂਰ ਦੇ ਇੰਗਲਿਸ਼ ਟੀਚਰ) ਡਿਕਸ਼ਨਰੀ ਤੋਂ ਸ਼ਬਦ ਅਤੇ ਅਰਥ ਸਮਝਣ ਲਈ ਕਿਹਾ ਕਰਦੇ ਸਨ। ਇਸ ਨਾਲ ਸ਼ਬਦ ਦੇ ਅਰਥ ਤਾਂ ਸ਼ੁਧ ਮਿਲਦੇ ਹੀ ਹਨ, ਸਮਅਰਥਕ ਲਫਜ਼ਾਂ ਦਾ ਪਤਾ ਵੀ ਲੱਗ ਜਾਂਦਾ ਹੈ। ਯਾਦ ਸ਼ਕਤੀ ਤੇਜ਼ ਹੁੰਦੀ ਹੈ ਅਤੇ ਤਹਿ ਤੱਕ ਜਾਣ ਨਾਲ ਬੁੱਧੀ ਵਿਕਾਸ ਕਰਦੀ ਹੈ।

**ਖਾਨਸਾਮਿਆਂ ਦੀ ਪੱਗ** – ਇੱਕ ਨੌਜੁਆਨ ਨੇ ਮੱਥਾ ਟੇਕਿਆ। ਮੰਡੀ ਹਿਮਾਚਲ ਦਾ ਜਾਪਦਾ ਸੀ। ਉੱਠ ਕੇ ਚਲਾ ਗਿਆ ਤਾਂ ਫੇਰ ਬੁਲਾ ਲਿਆ ਅਤੇ ਉਹਦੀ ਦਸਤਾਰ ਵਲ ਧਿਆਨ ਦੁਆ ਕੇ ਉਸਨੂੰ ਆਖਿਆ : ਇਹ ਖਾਨਸਾਮਿਆਂ ਵਰਗੀ ਹੈ। ਬਾਵਰਚੀ ਕਦੇ ਵੇਖੇ ਨੇ? ਅਤੇ ਇੱਕ ਦੋ ਸਿੰਘਾਂ ਦੀਆਂ ਦਸਤਾਰਾਂ ਵੱਲ ਤਕਾ ਕੇ ਬਚਨ ਕੀਤਾ : ਐਸੀ ਦਸਤਾਰ ਸਜਾਇਆ ਕਰੋ। ਮੇਰੀ ਦਸਤਾਰ ਵੱਲ ਝਾਤ ਪੁਆ ਕੇ ਮੇਰੇ ਬੰਧੇਜ ਨੂੰ ਮਾਣ ਦਿੱਤਾ।

ਅੱਜ ਰਾਗ ਪਟਦੀਪ ਦਾ ਸ਼ਬਦ ਸੀ:

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥

ਸਤਿਗੁਰੂ ਜੀ ਨੇ ਵੀ ਖੂਬ ਰੰਗ ਬੰਨ੍ਹਿਆ।

**ਗੱਡੀ ਦੀ ਬੁਕਿੰਗ** – ਲੁਧਿਆਣੇ ਦੇ ਸੰਤ ਗੁਰਚਰਨ ਸਿੰਘ ਨੇ ਮੱਥਾ ਟੇਕਿਆ ਤਾਂ ਏਸਨੂੰ ਆਗਿਆ ਹੋਈ ਉਹ 10 ਸਿਤੰਬਰ ਨੂੰ ਆਪਣੀ ਗੱਡੀ ਭੈਣੀ ਸਾਹਿਬ ਭੇਜ ਦੇਵੇ। ਕੁਝ ਸਿੰਘਾਂ ਨੂੰ ਜੀਵਨ ਨਗਰ ਪੁਚਾਣਾ ਹੈ। ਗੁਰਚਰਨ ਸਿੰਘ ਨੇ ਹਥ ਜੋੜ ਕੇ ਸਵੀਕਾਰ ਕੀਤਾ।

**ਸੰਤ ਪੂਰਨ ਸਿੰਘ ਜੀ ਦੇ ਘਰ** – ਮੇਰੀ ਅੱਜ ਕਿਤੋਂ ਸਬਜ਼ੀ ਨਾਲ ਪ੍ਰਸ਼ਾਦਾ ਛਕਣ ਦੀ ਇੱਛਾ ਸੀ। ਸੰਤ ਪੂਰਨ ਸਿੰਘ ਜੀ ਮੋਰੋਂ ਵਾਲਿਆਂ ਦੇ ਘਰ ਜਲਪਾਨ ਲਈ ਗਿਆ ਤਾਂ ਬੀਬੀ ਵੀਰਾਂ ਨੇ ਆਖਿਆ : 'ਅੱਜ ਤੁਸੀਂ ਪ੍ਰਸ਼ਾਦ ਛਕਣ ਨਹੀਂ ਆਏ? "ਕਿਉਂ ਅੱਜ ਕੋਈ ਖਾਸ ਗੱਲ ਸੀ?" ਮੈਂ ਪੁੱਛਿਆ। ਬੀਬੀ ਜੀ ਨੇ ਦੱਸਿਆ ਕਿ ਅੱਜ ਗੁਰੂ ਕਿਆਂ ਦਾ ਲੰਗਰ ਏਸੇ ਘਰ ਸੀ। ਉਨ੍ਹਾਂ ਦੇ ਨਾਲ ਬਹੁਤ ਸਾਰੇ ਸੇਵਕ ਏਥੇ ਬੈਠ ਕੇ ਛਕ ਕੇ ਗਏ ਹਨ। ਟੀਂਡੇ ਛਿਲਦਿਆਂ 102 ਸਾਲ ਦੇ ਸੰਤ ਪੂਰਨ ਸਿੰਘ ਜੀ ਬੋਲੇ : ਸੱਚੇ ਪਾਤਸ਼ਾਹ ਘਰ ਆ ਕੇ ਦਰਸ਼ਨ ਦੇ ਗਏ। ਮੈਂ ਮੂਲੀਆਂ ਛਿਲਦਾ ਕੱਟਦਾ ਸਾਂ ਕਿ ਕੁਛ ਟੁਕੜੇ ਮੇਰੇ ਹੱਥੋਂ ਲੈ ਜੇਬ ਵਿੱਚ ਪਾ ਕੇ ਇਹ ਕਹਿੰਦੇ ਚਲੇ ਗਏ : ਲੰਗਰ ਤੁਹਾਡਾ ਪਰ ਛਕਾਂਗੇ ਕੋਠੀ ਜਾ ਕੇ। ਜਿਵੇਂ ਉਨ੍ਹਾਂ ਦੀ ਰਜ਼ਾ ਅਸਾਂ ਤਾਂ ਖੁਸ਼ੀਆਂ ਹੀ ਲੈਣੀਆਂ ਹਨ। ਸੰਤਾਂ ਨੇ ਖੁੱਲ੍ਹਾ ਤੇ ਵਾਧੂ ਲੰਗਰ ਕਰਕੇ ਭੇਜ ਦਿੱਤਾ ਸੀ ਸਬਜ਼ੀ ਭਾਜੀ ਤੇ ਪਰਸ਼ਾਦੇ ਆਓ ਭਗਤ ਵਿੱਚ ਵੀ ਸਵਰਨ ਕੌਰ ਵਰਤਾਂਦੀ ਰਹੀ।

**ਦਰਸ਼ਨ ਗੁਰੂ ਰਾਮ ਸਿੰਘ ਦੇ** – ਪਤਾ ਨਹੀਂ ਗੱਲ ਕਿਵੇਂ ਚੱਲੀ। ਸੰਤ ਪੂਰਨ ਸਿੰਘ ਹੁਰੀਂ ਬੋਲੇ : ਮੈਂ

ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਹਨ। ਮੈਂ ਪੁੱਛਿਆ : ਪ੍ਰਤੱਖ ਕਿ ਸੁਪਨੇ ਵਿੱਚ? ਸੰਤ: ਸੁਪਨੇ ਵਿੱਚ ਕਿਉਂ ਸਾਮਰਤਖ ਅਤੇ ਸੰਤਾਂ ਨੇ ਉਹ ਘਟਨਾ ਇੰਜ ਸੁਣਾਈ :

ਓਦੋਂ ਮੈਂ 45 ਕੁ ਸਾਲਾਂ ਦੀ ਉਮਰ ਦਾ ਸਾਂ। ਮਸਤੀ ਦਾ ਆਲਮ ਸੀ, ਕੋਈ ਇਲਾਹੀ ਰੰਗ ਸੀ ਮੇਰੇ ਤੇ। ਮੈਂ ਫਲੌਰ ਦੇ ਕਿਲੇ ਦੇ ਆਸ ਪਾਸ ਫਿਰਦਾ ਸਾਂ ਕਦੇ ਅੰਦਰ ਬਾਹਰ ਜਾਂਦਾ ਸਾਂ। ਗੁਰੂ ਰਾਮ ਸਿੰਘ ਜੀ ਆਏ। ਮੈਂ ਤਾਂ ਬੇਪਛਾਣ ਸਾਂ। ਪ੍ਰਤਾਪਵਾਨ ਤੇ ਪ੍ਰਕਾਸ਼ਵਾਨ ਚਿਹਰਾ ਵੇਖ ਮੈਂ ਪੁੱਛਿਆ : ਕੌਣ ਹੈਂ ਸਿੰਘਾ ਤੂੰ ਏਨਾ ਪਿਆਰਾ? ਉਹ ਬੋਲੇ : ਮੇਰਾ ਨਾਮ ਰਾਮ ਸਿੰਘ ਹੈ। ਮੈਂ ਭੈਣੀ ਤੋਂ ਹਾਂ। ਇਹ ਕਹਿ ਕੇ ਉਨ੍ਹਾਂ ਮੇਰੀ ਬਾਂਹ ਫੜ ਲਈ ਬਾਹਰ ਫਲੌਰ ਤੋਂ ਸਤਿਲੁਜ ਦੇ ਕੰਢੇ ਤੇ ਲੈ ਆਏ। ਮੈਂ ਵੇਖਿਆ ਓਥੇ ਆਪਰ ਭੀੜ ਹੈ। ਜਿਵੇਂ ਦੁਨੀਆਂ ਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨੂੰ ਟੁੱਟ ਕੇ ਪੈ ਗਈ ਹੈ। ਮੈਂ ਅਸਮਾਨ ਤੋਂ ਸਾਹਵਿਓਂ ਆਉਂਦੇ ਉਤਰਦੇ ਅਨੇਕਾਂ ਸਿੰਘ ਵੇਖੇ। ਇਹ ਸਭ ਕੁਝ ਮੇਰੀ ਤਾਕਤੋਂ ਬਾਹਰਾ ਸੀ। ਗੁਰੂ ਰਾਮ ਸਿੰਘ ਜੀ ਮੇਰੀ ਬਾਂਹ ਫੜੀ ਭੀੜ ਚੋਂ ਰਸਤਾ ਬਣਾਂਦੇ ਬਾਹਰ ਲੈ ਆਏ ਤੇ ਤਦੋਂ ਪਤਾ ਲੱਗਿਆ ਜਦੋਂ ਭੈਣੀ ਸਾਹਿਬ ਕੋਠੀ ਕੋਲ ਜਾ ਖੜਿਆ ਤੇ ਮੈਨੂੰ ਬਚਨ ਕੀਤਾ। ਅੰਦਰ ਜਾਹ ਸਤਿਗੁਰਾਂ ਦੇ ਦਰਸ਼ਨ ਕਰਕੇ ਆ। ਮੈਂ ਅੰਦਰ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਪਲੰਘ ਪਰ ਬਿਰਾਜਮਾਨ ਸਨ। ਮੈਂ ਚਰਨਾਂ ਵਲ ਝੁਕਿਆ ਅਤੇ ਸ੍ਰੀ ਚਰਨਾਂ ਦਾ ਅੰਗੂਠਾ ਮੂੰਹ ਵਿੱਚ ਪਾ ਲਿਆ। ਸਤਿਗੁਰੂ ਜੀ ਨੇ ਛੇਤੀ ਨਾਲ ਲੱਤਾਂ ਕੱਠੀਆਂ ਕੀਤੀਆਂ ਤੇ ਮੂੰਹੋਂ ਬਚਨ ਕੀਤਾ : ਓਇ ਕੁੱਤਿਆ ਕਿੱਥੋਂ ਆ ਗਿਆਂ ਏਂ! ਮੈਂ ਤੁਰਤ ਹੱਥ ਜੋੜ, ਬਿਬਿਆਂਦੇ ਬਿਨੈ ਕੀਤੀ : ਸੱਚੇ ਪਾਤਸ਼ਾਹ, ਇਹ ਬੋਲਾ ਵਾਪਸ ਲਓ, ਮੈਨੂੰ ਗਰੀਬ ਨੂੰ ਤਾਂ ਆਪਦੇ ਬਚਨ ਨਾਲ ਕੁੱਤਾ ਬਣਨਾ ਪਏਗਾ। ਸਤਿਗੁਰਾਂ ਰੀਝ ਕੇ ਮੈਨੂੰ ਆਪਣੇ ਗਲ ਲਾਇਆ ਤੇ ਸਰਾਫ਼ ਵਾਪਸ ਲਿਆ। ਜਾਂ ਮੈਂ ਕੋਠੀਓਂ ਬਾਹਰ ਆਇਆ ਤਾਂ ਮੇਰਾ ਰਾਮ ਸਿੰਘ ਬਾਹਰ ਹੈ ਨਹੀਂ ਸੀ। ਮੈਂ ਸਚਮੁਚ ਭੈਣੀ ਸਾਹਿਬ ਸਾਂ!

ਸੰਤਾਂ ਪਾਸੋਂ ਅੱਜ ਇਹ ਸਹਿਜ ਭਾ ਹੋ ਗਿਆ ਬਚਨ ਸੁਣ ਕੇ, ਮੈਂ ਕਮਰਾ ਨੰਬਰ 13 ਵਿੱਚ ਆ ਰੁਕਿਆ, ਜਿੱਥੇ ਮੇਰਾ ਡੇਰਾ ਸੀ।

ਚਲਦਾ....

......ਬਾਕੀ 25 ਸਫ਼ੇ ਦੀ

ਸਤਿਗੁਰੂ ਹਰੀ ਸਿੰਘ ਜੀ ਦੇ ਪ੍ਰਲੋਕ ਗਵਨ

ਖੰਡ ਕੀ ਸ਼ਰਦਾਈ ਛਕਾਈ ਸਰਬ ਖਾਲਸੇ ਕੋ। ਸਰਬ ਦੇਸ਼ਾਂ ਕੀ ਸੰਗਤ ਆਈ। ਹੁਕਮ ਸੀ ਕਿ ਪਾਠ ਭੋਗ ਗ੍ਰੰਥ ਸਾਹਿਬ ਦੇ ਸਰਬ ਖਾਲਸਾ ਕਰਕੇ ਲਿਆਵੇ, ਸੋ ਕਈਆਂ ਪਾਠੀਆਂ ਨੇ ਪਾਠ ਕੀਤੇ।

ਜੋ ਸਿੰਘ ਆਉਂਦਾ ਹੈ ਮਾਈ ਜੀਊਣ ਕੌਰ ਜੀ ਕੇ ਸਾਮਣੇ ਦੁਖ ਸੁਖ ਕੀਆਂ ਬਾਤਾਂ ਕਰਦਾ ਹੈ ਅਰ ਗੁਰੂ ਜੀ ਕੇ ਬਚਨ ਯਾਦ ਕਰ ਕਰਕੇ ਪਰਸਪਰ ਸਰਬ ਖਾਲਸਾ ਜਸ ਕਰ ਰਿਹਾ ਹੈ ਕਿ ਐਸੇ ਗੁਰੂ ਜੀ ਕੀ ਮੂਰਤੀ ਦੇਖਕੇ ਸਰਬ ਦੁਖ ਨਸ਼ਟ ਹੁੰਦੇ, ਚਲਦੀ ਸੁਰਤੀ ਖੜੀ ਹੁੰਦੀ, ਨਾਮ ਚਿਤ ਔਂਦਾ ਆਤਮ ਕਾ ਸੁਖ ਪ੍ਰਾਪਤ ਹੁੰਦਾ। ਘਟ ਘਟ ਕੇ ਜਾਨਣ ਹਾਰੇ ਗੁਰੂ ਨਾਨਕ ਜੀ ਕੀ ਮੂਰਤੀ ਹੈ ਸਤਿਗੁਰੂ ਹਰੀ ਸਿੰਘ ਜੀ। ਸੰਸੇ ਸਭ ਦੂਰ ਕਰਦੇ ਸੀ। ਧੀਰਜਾਂ ਦੇਣੀਆਂ। ਚਲਦੇ ਮਨ ਨੂੰ ਖੜੇ ਕਰ ਦੇਣਾ। ਅਨੇਕਾਂ ਪ੍ਰਕਾਰ ਦੇ ਸੰਸੇ ਕਰਦੇ ਸਿੰਘਾਂ ਨੇ ਆਉਂਣਾ ਨਿਰਸੰਸੇ ਹੋਇਕੇ ਜਾਣਾ। ਸਿੰਘਾਂ ਨੇ ਸਮਝਣਾ ਕਿ ਦੋਨੋਂ ਭਾਈ ਏਕੋ ਰੂਪ ਹੈਂ। ਜੋਤ ਕਾ ਜਾਮਾ ਜੋਤ ਵਿਚ ਲੀਨ ਹੋਇ ਗਿਆ ਹੈ। ਸ਼ੋਕ ਕੇ ਬਚਨ ਕਰਦੇ ਹੈਂ। ਪਰਸਪਰ ਘਟ ਘਟ ਉਪਮਾ ਕਰਦੇ ਹੈਂ। ਸਿੰਘਾਂ ਕੋ ਵੈਰਾਗ ਹੋਣਾ ਤੇ ਵੈਰਾਗ ਦਸ਼ਾ ਵਿਚ ਨੇਤ੍ਰ ਸੇ ਜਲ ਜਾਣਾ। ਦੁਏ ਸਿੰਘ ਨੇ ਕੋਲੋਂ ਕਹਿਣਾ ਕਿ ਸਾਨੂੰ ਅਜੇ ਪਰਤੀਤ ਨਾ ਸੀ ਕਿ ਜੋਤੀ ਜੋਤ ਸਮਾਇ ਜਾਣਗੇ।

ਸਿੰਘ ਸੰਗਤ ਬੇਅੰਤ ਅੰਦਰ ਬਾਹਰ ਖੜੀ ਹੋਈ ਹੈ। ਅੰਦਰ ਬਾਹਰ ਭਰ ਗਿਆ ਸੀ। ਪਿੰਡ ਸਾਰਾ ਹੀ ਆਇਆ। ਅਸਚਰਜ ਰਹੇ ਦੇਖਕੇ। ਤਿੰਨ ਦਿਨ ਮੇਲਾ ਬਹੁਤ ਹੋਇਆ। ਬੇਅੰਤ ਪਦਾਰਥ ਤੇ ਦਸਤਾਰੇ ਮਾਈ ਜੀ ਅਰ ਤਿੰਨਾਂ ਸਾਹਿਜ਼ਾਦਿਆਂ ਦੇ ਲੀਏ ਭੇਟਾ ਦੀਏ ਅਰ ਬਸਤਰ ਬੀ। ਸੰਗਤ ਅਰ ਮਾਈ ਜੀ ਵੱਲੋਂ ਆਦਿ ਗ੍ਰੰਥ ਸਾਹਿਬ ਅਰ ਦਸਮ ਗ੍ਰੰਥ ਜੀ ਕੇ ਭੋਗ ਪਾਏ ਗਏ ਰਾਮਸਰ ਕੰਢੇ। ਤਿੰਨੇ ਭਾਈ ਸੰਗਤ ਮੈਂ ਬੈਠਦੇ ਆਸਣ ਪਰ। ਸਤਿਗੁਰੂ ਪਰਤਾਪ ਸਿੰਘ ਜੀ, ਕੇ ਖੱਬੇ ਸਾਹਿਬਜ਼ਾਦਾ ਨਿਹਾਲ ਸਿੰਘ ਤੇ ਸੱਜੇ ਗੁਰਦਿਆਲ ਸਿੰਘ ਬੈਠਦੇ ਸੇ। ਪੁਲਿਸ ਬਹੁਤ ਆਈ। ਮੇਲਾ ਜਿਲੇ ਮੈ ਅਰਜੀ ਦੇ ਕਰ ਕੀਆ ਥਾ ਅਰ ਮਾਈ ਜੀ ਕੇ ਸੁਭਾਅ ਸੇ ਕਿਸੇ ਨੇ ਕੁਛ ਨਾ ਪੂਛਾ।

# ਸਫ਼ਲ ਦਰਸ

ਹਰਪਾਲ ਸਿੰਘ ਸੇਵਕ



ਪ੍ਰਿੰ. ਸ਼ਿਵਦੇਵ ਸਿੰਘ ਦੀ ਪੁਰਾਣੀ ਤਸਵੀਰ

'ਆਰੰਭ ਵਿੱਚ ਜਦੋਂ ਮੈਂ ਨਾਮ ਜੱਪਣ ਲਈ ਬੈਠਦਾ ਤਾਂ ਮਨ ਟਿਕਾਉਣ ਤੇ ਕ਼ਰੀਬ ਅੱਧਾ ਘੰਟਾ ਲਗ ਜਾਂਦਾ। ਵਾਰ ਵਾਰ ਖਿਆਲ ਏਧਰ ਓਧਰ ਭਟਕਦੇ, ਮੈਂ ਮਨ ਨੂੰ ਘੇਰ ਘੂਰ ਕੇ ਸਤਿਗੁਰਾਂ ਦੇ ਚਰਨਾਂ ਨਾਲ ਜੋੜਨ ਦੀ ਕੋਸ਼ਿਸ਼ ਕਰਦਾ। ਮਨ ਨੂੰ ਟਿਕਾਉਣ ਲਈ ਨਾਮ ਦੇ ਜਾਪ ਦਾ ਸ਼ੁੱਧ ਉਚਾਰਨ ਬੜਾ ਸਹਾਈ ਹੁੰਦਾ। ਪਰ ਜਦੋਂ ਇਕ ਵੇਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਫ਼ਲ ਦਰਸ਼ਨ ਹੋ ਗਏ, ਫੇਰ ਤਾਂ ਅਜਿਹੀ ਅਨੰਦਮਈ ਅਵਸਥਾ ਬਣ ਗਈ ਕਿ ਹੁਣ ਜਦੋਂ ਵੀ ਮੈਂ ਨਾਮ ਜਪਣ ਬੈਠਦਾ ਹਾਂ ਦੋ ਕੁ ਮਿੰਟਾਂ ਵਿੱਚ ਹੀ ਮਨ ਇਕਾਗਰ ਹੋ ਜਾਂਦਾ ਹੈ, ਚਿੱਤ-ਬਿਰਤੀ ਸਤਿਗੁਰੂ-ਚਰਨਾਂ ਨਾਲ ਜੁੜ ਜਾਂਦੀ ਹੈ।" ਇਹ ਰੰਗ ਰੱਤੜੇ ਗੁਰਮੁਖ ਪਿਆਰੇ ਪ੍ਰਿੰਸੀਪਲ ਸ਼ਿਵਦੇਵ ਸਿੰਘ ਜੀ ਆਪਣੇ ਨਾਮ ਅਭਿਆਸ ਦੇ ਅਨੁਭਵ ਦੱਸ ਰਹੇ ਸਨ। "ਸਤਿਗੁਰੂ ਗੁਣਾਂ ਦਾ ਸਾਗਰ ਹੁੰਦਾ ਹੈ, ਬੇਅੰਤ ਗੁਣ ਹਨ ਸਤਿਗੁਰੂ ਦੇ। ਸਤਿਗੁਰੂ ਮਿੱਠ ਬੋਲੜਾ, ਦਇਆਲੂ, ਪਰਉਪਕਾਰੀ, ਨਿਰਭਉ, ਨਿਰਵੈਰ ਅਤੇ ਪ੍ਰੇਮ ਦਾ ਸੋਮਾ ਹੁੰਦਾ ਹੈ, ਵਿਸ਼ਿਆਂ-ਵਿਕਾਰਾਂ ਤੋਂ ਰਹਿਤ, ਵਿਰਕਤ ਅਤੇ ਅਨੰਦ ਸਰੂਪ ਹੁੰਦਾ ਹੈ। ਸਤਿਗੁਰੂ ਦੇ ਅਨੇਕਾਂ ਗੁਣਾਂ ਚੋਂ ਇੱਕ-ਇੱਕ ਕਰਕੇ ਜਿੰਨੇ ਗੁਣ ਵੀ ਸਿੱਖ ਗ੍ਰਹਿਣ ਕਰਦਾ ਜਾਂਦਾ ਹੈ, ਓਨਾ ਹੀ ਉਹ ਮਨ ਕਰਕੇ ਸਤਿਗੁਰੂ ਦੇ ਨੇੜੇ ਹੁੰਦਾ ਜਾਂਦਾ ਹੈ, ਜੇ ਅਸੀਂ ਕਿਸੇ ਵਲੋਂ ਵਾਧਾ ਕਰਨ ਤੇ ਵੀ ਦੁਸ਼ਮਣੀ ਭਾਵ ਮਨ ਵਿੱਚ ਨਹੀਂ ਆਉਣ ਦੇਂਦੇ 'ਬੈਰੀ ਮੀਤ ਸਮਾਨ, ਦੁਸ਼ਮਣ ਨਾਲ ਵੀ ਮਿੱਤਰਾਂ ਵਾਂਗ ਵਰਤਾ ਕਰਦੇ ਹਾਂ ਤਾਂ ਇਕ ਕਦਮ ਹੋਰ ਸਤਿਗੁਰੂ ਦੇ ਨੇੜੇ ਹੋ ਜਾਂਦੇ ਹਾਂ। "ਬੁਰੇ ਨਾਲ ਜੋ ਨੇਕੀ ਕਰਨੀ, ਇਹ ਗੁਰੂ ਨਾਨਕ ਜਾਣੇ।" ਗੁਰੂ ਵਾਲੇ ਗੁਣ ਆਪਣੇ ਅਮਲੀ ਜੀਵਨ ਵਿੱਚ ਧਾਰਨ ਕਰਕੇ ਹੀ ਗੁਰੂ-ਦਰ ਪ੍ਰਵਾਨ ਹੋਇਆ ਜਾਂਦਾ ਹੈ। 'ਸੋ ਸਤਿਗੁਰ ਜਿਸੁ ਰਿਦੈ ਹਰਿ ਨਾਉ।' ਸਤਿਗੁਰੂ ਦੇ ਹਿਰਦੇ ਵਿੱਚ ਹਰੀ ਦੇ ਨਾਮ ਦਾ ਵਾਸਾ ਹੁੰਦਾ ਹੈ। ਸਤਿਗੁਰੂ ਦੀ ਦੇਹ ਹੀ ਸ਼ਬਦ (ਨਾਮੁ) ਦੀ ਹੁੰਦੀ ਹੈ। ਜਦੋਂ ਅਸੀਂ ਇਕਾਗਰ ਹੋ ਕੇ ਨਾਮ ਜਪਦੇ ਹਾਂ ਤਾਂ ਸਾਡੇ ਹਿਰਦੇ ਵਿੱਚ ਸਤਿਗੁਰੂ ਦਾ ਵਾਸਾ ਹੋ ਜਾਂਦਾ ਹੈ। ਜਿੱਥੇ ਸਤਿਗੁਰੂ ਦਾ ਵਾਸਾ ਹੋਵੇ ਉਥੇ ਵਿਸ਼ੇ-ਵਿਕਾਰ ਅਤੇ ਕੂੜ ਕਪਟ ਨਹੀਂ ਰਹਿ ਸਕਦੇ। ਜੋ ਕੋਈ ਵਡਭਾਗਾ ਸਿੱਖ ਪੂਰੀ ਤਰ੍ਹਾਂ ਮੈਂ-ਮੇਰੀ ਤਿਆਗ ਕੇ ਸਤਿਗੁਰੂ ਵਾਲੇ ਸਾਰੇ ਗੁਣ ਗ੍ਰਹਿਣ ਕਰ ਲਵੇ ਉਹ ਲਹਿਣਾ ਜੀ ਵਾਂਗ ਗੁਰੂ ਦਾ ਹੀ ਅੰਗ- ਅੰਗਦ, ਗੁਰੂ ਦਾ ਰੂਪ ਹੋ ਜਾਂਦਾ ਹੈ। ਜਦੋਂ ਸ਼ਰਧਾ, ਪ੍ਰੇਮ ਅਤੇ ਭਗਤੀ ਪੂਰਨ ਹੋ ਜਾਣ, ਦਵੈਤ ਮਿਟ ਜਾਵੇ ਤਾਂ 'ਗੁਰੂ ਸਿਖ ਸਿਖ ਗੁਰੂ ਹੈ ਏਕੋ' ਵਾਲੀ ਅਵਸਥਾ ਬਣ ਜਾਂਦੀ ਹੈ।" ਸੰਨ 2003 ਈ. ਅੱਸੂ ਦੇ ਮੇਲੇ ਸਮੇਂ ਇੱਕ ਦਿਨ ਆਸਾ ਦੀ ਵਾਰ ਦੇ ਭੋਗ ਉਪਰੰਤ ਘਾਹ ਦੇ ਮੈਦਾਨ ਵਿੱਚ ਬੈਠੇ ਗੁਰੂ ਪ੍ਰੇਮ ਵਿੱਚ ਅਨੰਦ-ਵਿਭੋਰ ਹੋਏ ਆਪਣੇ ਅਨੁਭਵ ਸਾਂਝੇ ਕਰ ਰਹੇ ਸਨ ਪ੍ਰਿੰਸੀਪਾਲ ਸ਼ਿਵਦੇਵ ਸਿੰਘ ਜੀ।

"ਪ੍ਰਿਸੀਪਾਲ ਸਾਹਿਬ, ਤੁਸੀਂ ਆਖਿਆ ਹੈ ਕਿ ਜਦੋਂ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਫ਼ਲ ਦਰਸ਼ਨ ਹੋਏ ਤਾਂ ਮੇਰੀ ਆਤਮਿਕ ਅਵਸਥਾ ਹੀ ਬਦਲ ਗਈ। ਕੀ ਭਾਵ ਹੈ ਸਫ਼ਲ ਦਰਸ਼ਨ ਦਾ ? ਕਿਸ ਰੂਪ ਵਿੱਚ ਤੇ ਕਿਵੇਂ ਹੋਏ ਦਰਸ਼ਨ? ਤੁਸੀਂ ਪਿਤਾ, ਦਾਦੇ ਜਾਂ ਪੜਦਾਦੇ ਤੋਂ ਕਦੋਂ ਤੋਂ ਨਾਮਧਾਰੀ ਹੋ? ਮੈਂ (ਸੇਵਕ ਹਰਪਾਲ ਸਿੰਘ) ਜਗਿਆਸਾ ਜ਼ਾਹਿਰ ਕੀਤੀ ਤਾਂ ਪ੍ਰਿੰਸੀਪਾਲ ਜੀ ਨੇ ਵਿਸਥਾਰ ਸਹਿਤ ਆਤਮ ਕਥਾ ਸੁਣਾਉਣੀ ਸ਼ੁਰੂ ਕੀਤੀ:

"ਮੇਰੇ ਦਾਦਾ ਸੰਤ ਰਤਨ ਸਿੰਘ ਪੱਕੇ ਨਾਮਧਾਰੀ ਸਨ। ਮੈਂ ਬਚਪਨ ਵਿੱਚ ਦਰਸ਼ਨ ਕੀਤੇ ਹਨ, ਸਤਿਗੁਰੂ ਪ੍ਰਤਾਪ ਸਿੰਘ ਜੀ ਸਾਡੇ ਘਰ ਚਰਨ ਵੀ ਪਾਏ ਸਨ। ਮੇਰੇ ਦਾਦਾ ਜੀ ਤੋਂ ਬਾਅਦ ਸਾਡੇ ਘਰ ਦਾ ਵਾਤਾਵਰਣ ਬਦਲਣਾ ਸ਼ੁਰੂ ਹੋ ਗਿਆ, ਨਾਮ-ਬਾਣੀ ਅਤੇ ਸਿੱਖੀ ਰਹਿਤ ਮਰਿਯਾਦਾ ਤੋਂ ਦੂਰ ਹੁੰਦੇ ਗਏ। ਮੇਰੇ ਪਿਤਾ ਸ੍ਰ. ਕਿਰਪਾਲ ਸਿੰਘ ਖੁੱਲ੍ਹੇ ਖਲਾਸੇ ਸੁਭਾਅ ਦੇ ਹੋਣ ਕਰਕੇ ਆਪਣਾ ਨਾਮਧਾਰੀ ਪਿਛੋਕੜ ਪੂਰੀ ਤਰ੍ਹਾਂ ਭੁੱਲ ਗਏ।

ਮੇਰੀ ਮਾਤਾ, ਬੇਬੇ ਨਿਰਮਲ ਕੌਰ ਕਰਕੇ ਘਰ ਵਿੱਚ ਤਾਂ ਮਾਸ ਸ਼ਰਾਬ ਨਾ ਵੜ ਸਕਿਆ ਪਰ ਅਸੀਂ ਬਾਹਰੋਂ ਖਾ-ਪੀ ਲੈਂਦੇ। ਪੜ੍ਹਾਈ ਪੂਰੀ ਕਰਕੇ ਮੈਂ ਫੌਜ ਵਿੱਚ ਭਰਤੀ ਹੋ ਗਿਆ। 1987 ਵਿੱਚ ਰਿਟਾਇਰਮੈਂਟ ਤੋਂ ਬਾਅਦ ਆਪਣੇ ਪਿੰਡ ਚੱਕਦਾਨਾ (ਫਗਵਾੜੇ ਨੇੜੇ) ਆ ਕੇ ਇਕ ਪ੍ਰਾਈਵੇਟ ਸਕੂਲ ਖ੍ਹੋਲ ਲਿਆ। ਮੈਟ੍ਰਿਕ ਤੱਕ ਦੇ ਰੈੱਡ ਰੋਜ਼ ਪਬਲਿਕ ਸਕੂਲ ਵਿੱਚ ਮੈਂ ਬਤੌਰ ਪ੍ਰਿਸੀਪਾਲ ਕਈ ਵਰ੍ਹੇ ਸੇਵਾ ਨਿਭਾਈ। ਸਮਾਂ ਬੀਤਦਾ ਗਿਆ ਬੱਚਿਆਂ ਨੇ ਪੜ੍ਹਾਈ ਪੂਰੀ ਕਰਕੇ ਸਾਰੇ ਕੰਮ-ਕਾਰ ਸੰਭਾਲ ਲਏ। 1999 ਵਿੱਚ ਜਦੋਂ ਮੈਂ ਵੇਹਲਾ ਹੋ ਗਿਆ ਤਾਂ ਮਨ ਕਰਕੇ ਪਰੇਸ਼ਾਨ ਰਹਿਣ ਲੱਗਾ। ਮੇਰੀ ਉਦਾਸੀ ਦਾ ਕਾਰਣ ਕੋਈ ਆਰਥਿਕ ਤੰਗੀ ਜਾਂ ਸਰੀਰਕ ਅਤੇ ਪ੍ਰਵਾਰਕ ਪ੍ਰੇਸ਼ਾਨੀ ਨਹੀਂ ਸੀ ਸਗੋਂ ਇਹ ਖਿਆਲ ਮੈਨੂੰ ਅਸ਼ਾਂਤ ਕਰਦਾ ਕਿ ਜਿੰਦਗੀ ਦਾ ਬਹੁਤਾ ਹਿੱਸਾ ਘਰ ਪ੍ਰਵਾਰ ਵਾਸਤੇ ਅਤੇ ਆਪਣੀਆਂ ਸੁਖ-ਸਹੂਲਤਾਂ ਵਾਸਤੇ ਮਿਹਨਤ ਕਰਦਿਆਂ ਬੀਤ ਗਿਆ ਹੈ। ਬੱਚੇ ਥਾਂਉਂ ਥਾਂਈਂ ਸੈੱਟ ਹਨ। ਇਹ ਧਨ-ਪਦਾਰਥ ਅਤੇ ਪ੍ਰਵਾਰ ਕੁਝ ਵੀ ਤਾਂ ਨਾਲ ਜਾਣ ਵਾਲਾ ਨਹੀਂ। ਜਦੋਂ ਸ਼ਾਮ ਨੂੰ ਗੁਰਦੁਆਰੇ ਦੇ ਭਾਈ ਜੀ ਰਹਿਰਾਸ ਦਾ ਪਾਠ ਕਰਦੇ ਤਾਂ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀਆਂ ਇਹ ਪੰਗਤੀਆਂ ਮੇਰੇ ਮਨ ਨੂੰ ਬਹੁਤ ਟੁੰਬਦੀਆਂ:

ਭਈ ਪਰਾਪਤਿ ਮਾਨੁਖ ਦੇਹੁਰੀਆ।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।
ਅਵਰਿ ਕਾਜ ਤੇਰੈ ਕਿਤੈ ਨ ਕਾਮ।
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।
ਸਰੰਜਾਮਿ ਲਾਗੁ ਭਵਜਲ ਤਰਨ ਕੈ।
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ।

ਗੁਰਬਾਣੀ ਦੇ ਵਾਕ ਹਿਰਦੇ ਵਿੱਚ ਤੀਰ ਵਾਂਗ ਲੱਗਦੇ, ਮੈਂ ਸੋਚਦਾ ਕਿ ਮੇਰਾ ਜਨਮ ਕਿਤੇ ਏਸੇ ਤਰ੍ਹਾਂ ਬੇਅਰਥ ਹੀ ਨਾ ਬੀਤ ਜਾਵੇ। ਏਸ ਮਾਨਸ ਜਨਮ ਵਿੱਚ ਹੀ ਭਗਤੀ ਕਰਕੇ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ। 'ਮੇਰਾ ਪਿਛੋਕੜ ਨਾਮਧਾਰੀ ਹੈ, ਇਹ ਖਿਆਲ ਮੇਰੇ ਧਿਆਨ ਵਿਚੋਂ ਪੂਰੀ ਤਰ੍ਹਾਂ ਵਿਸਰ ਚੁੱਕਾ ਸੀ। ਮੈਂ ਸੋਚਦਾ ਕਿ ਕਿਤੇ ਸਾਧੂਆਂ ਦੇ ਡੇਰੇ ਜਾਵਾਂ, ਬਿਆਸ ਜਾਵਾਂ ਜਾਂ ਰਾੜਾ ਸਾਹਿਬ ਜਾ ਕੇ ਨਾਮ ਦੀ ਦਾਤ ਪ੍ਰਾਪਤ ਕਰਾਂ। 'ਮਿਲਿ ਸਾਧਸੰਗਤਿ ਭਜੁ ਕੇਵਲ ਨਾਮੁ॥ 'ਕਿਸੇ ਪੂਰਨ ਪੁਰਖ ਦੇ ਚਰਨੀ' ਲੱਗਕੇ ਨਾਮ ਜੱਪ ਕੇ ਆਪਣਾ ਜਨਮ ਸਫ਼ਲਾ ਕਰਾਂ। ਪਤਾ ਨਹੀਂ ਜ਼ਿੰਦਗੀ ਦੇ ਕਿੰਨੇ ਕੁ ਦਿਨ ਬਾਕੀ ਹਨ।

ਅਜਿਹੀਆਂ ਸੋਚਾਂ ਵਿੱਚ ਸਾਂ ਕਿ ਸਿਤੰਬਰ 2000 ਈ. ਇੱਕ ਨਾਮਧਾਰੀ ਸਿੰਘ ਨਾਲ ਮੇਲ ਹੋਇਆ ਉਹ ਮੋਟਰ ਸਾਇਕਲ ਤੇ ਘਰੋ ਘਰੀ ਦੁੱਧ ਵੇਚਦਾ ਸੀ। ਅਸੀਂ ਵੀ ਉਸੇ ਤੋਂ ਦੁੱਧ ਲੈਂਦੇ ਸਾਂ। ਇਕ ਗੁਰਮੁਖ ਸਰੂਪ ਵੇਖ ਕੇ ਮੈਂ ਆਪਣੇ ਮਨ ਦੀ ਬਿਰਥਾ ਉਸ ਨਾਲ ਸਾਂਝੀ ਕੀਤੀ। ਉਸ ਕਿਹਾ: "ਸ੍ਰੀ ਭੈਣੀ ਸਾਹਿਬ ਸਲਾਨਾ ਨਾਮ ਸਿਮਰਨ ਜਪ-ਪ੍ਰਯੋਗ ਸ਼ੁਰੂ ਹੋਏ ਨੂੰ ਅਜੇ ਪੰਜ-ਸੱਤ ਦਿਨ ਹੀ ਹੋਏ ਹਨ। ਤੁਸੀਂ ਉਥੇ ਜਾ ਵੇਖੋ, ਚੰਗਾ ਲੱਗਿਆ ਤਾਂ ਤੁਸੀਂ ਵੀ ਨਾਮ ਅਭਿਆਸ ਵਿੱਚ ਸ਼ਾਮਲ ਹੋ ਜਾਇਓ। ਇਹ ਜਪ-ਪ੍ਰਯੋਗ ਪੂਰਾ ਮਹੀਨਾ ਚੱਲਦਾ ਹੈ। ਨਾ ਮਨ ਟਿਕਿਆ ਤੇ ਫੇਰ ਕਿਤੇ ਹੋਰ ਜਾ ਵੇਖਿਓ। ਪਰ ਇਕ ਵਾਰ ਜਾ ਕੇ ਵੇਖ ਜ਼ਰੂਰ ਆਉ। ਤੁਹਾਨੂੰ ਉਥੇ ਸਤਿਜੁਗ ਲੱਗਿਆ ਜਾਪੇਗਾ। ਤੀਸਰੇ ਦਿਨ ਹੀ ਤਿਆਰ ਹੋ ਕੇ ਸ੍ਰੀ ਭੈਣੀ ਸਾਹਿਬ ਦਾ ਅਤਾ ਪਤਾ ਪੁੱਛ ਕੇ ਮੈਂ ਵੀ ਅੱਸੂ ਦੇ ਮੇਲੇ ਵਿੱਚ ਪਹੁੰਚ ਗਿਆ। ਮੈਂ ਏਥੇ ਆ ਕੇ ਜਿੰਦਗੀ ਵਿੱਚ ਪਹਿਲੀ ਵਾਰ ਅਜੇਹਾ ਵਾਤਾਵਰਣ ਵੇਖਿਆ। ਜਾਪਦਾ ਹੀ ਨਹੀਂ ਸੀ ਕਿ ਇਹ ਪੰਜਾਬ ਦਾ ਪਿੰਡ ਹੈ। ਅੱਧੀ ਰਾਤੋਂ ਕ੍ਰੀਬ ਸਾਢੇ ਬਾਰਾਂ, ਇੱਕ ਵਜੇ ਉੱਠ ਕੇ ਸਿੱਖ ਸੁਚੇਤੇ ਹੋ, ਖੂਹੀਆਂ ਤੇ ਸਣੇਕੇਸੀ ਇਸ਼ਨਾਨ ਕਰਦੇ। ਬੱਚੇ, ਜਵਾਨ, ਬਜ਼ੁਰਗ, ਸਿੱਖ-ਸਿੱਖਣੀਆਂ ਹਜ਼ਾਰਾਂ ਦੀ ਗਿਣਤੀ ਵਿੱਚ ਇੱਕ ਵੱਡੇ ਹਾਲ ਵਿੱਚ ਇੱਕਠੇ ਹੋ ਜਾਂਦੇ। ਅੰਮ੍ਰਿਤ ਵੇਲੇ ਦੋ ਵਜੇ ਜਪ-ਪ੍ਰਯੋਗ ਦੀ ਅਰਦਾਸ ਹੋ ਜਾਂਦੀ। ਮੱਧਮ ਜਿਹੇ ਚਾਨਣ ਵਿੱਚ ਦੇਸੀ ਘਿਉ ਦੀ ਜਗਦੀ ਜੋਤ, ਪਾਸ ਕੁੰਭ (ਜਲ ਦਾ ਗੜਵਾ) ਅਤੇ ਮਘਦੇ ਕੋਲਿਆਂ ਤੇ ਸਮਗੱਰੀ ਦੀ ਸੁਗੰਧੀ, ਦਿਨ ਚੜ੍ਹਦੇ ਤੱਕ ਚਾਰ ਘੰਟੇ ਸੰਗਤਾਂ ਨਾਮ ਅਭਿਆਸ ਕਰਦੀਆਂ। ਇਸੇ ਦੌਰਾਨ ਤੰਤੀ ਸਾਜਾਂ ਨਾਲ ਇਲਾਹੀ ਗੁਰਬਾਣੀ 'ਆਸਾ ਦੀ ਵਾਰ' ਦਾ ਕੀਰਤਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਨੂਰੀ ਦਰਸ਼ਨ ਹੁੰਦੇ। ਆਸਾ ਦੀ ਵਾਰ ਉਪਰੰਤ 15-20 ਮਿੰਟਾਂ ਲਈ ਇਕ ਰਿਸ਼ੀਆਂ ਵਰਗੇ ਬਜ਼ੁਰਗ ਬੜੇ ਰੰਗ ਵਿਚ ਧਾਰਨਾ ਗਾ ਕੇ ਆਰੰਭ ਕਰਦੇ ਅਤੇ ਕਿਸੇ ਸੰਤ-ਸਾਧ ਦੀ ਗਾਥਾ

ਸੁਣਾਉਂਦੇ। ਏਸੇ ਤਰ੍ਹਾਂ ਦੁਪਹਿਰ ਨੂੰ 12 ਤੋਂ 4 ਵਜੇ ਤੱਕ ਸੰਗਤਾਂ ਦੁਬਾਰਾ ਸਣਕੇਸੀ ਇਸ਼ਨਾਨ ਕਰਕੇ ਪਵਿੱਤਰ ਹੋ ਕੇ ਸ਼ਾਮਲ ਹੁੰਦੀਆਂ। ਮੈਨੂੰ ਦੱਸਿਆ ਗਿਆ ਕਿ ਲਾਂਗਰੀ ਸਿੰਘ ਵੀ ਮੂੰਹ ਤੇ ਠਾਠਾ ਬੰਨ੍ਹਕੇ, ਨਾਮ ਜੱਪਦਿਆਂ ਲੰਗਰਤਿਆਰ ਕਰਦੇ ਹਨ। ਲੰਗਰ ਕੇਵਲ ਬਿਬੇਕੀ (ਸੋਧੀ) ਸਿੰਘ ਹੀ ਕਰਦੇ ਹਨ। ਸ੍ਰੀ ਭੈਣੀ ਸਾਹਿਬ ਦਾ ਸਮੁੱਚਾ ਮਾਹੌਲ ਤ੍ਰੇਤੇ ਯੁੱਗ ਦੇ ਅਗਸਤ ਮੁਨੀ ਦੇ ਆਸ਼ਰਮ ਵਾਂਗ ਦੈਵੀ ਰੰਗ ਵਿੱਚ ਰੰਗਿਆ ਪ੍ਰਤੀਤ ਹੁੰਦਾ ਸੀ। ਮੈਂ ਵੀ ਨਾਮ (ਗੁਰਮੰਤ੍ਰ) ਲੈ ਕੇ, ਅੰਮ੍ਰਿਤ ਛੱਕ ਕੇ ਜਪ-ਪ੍ਰਯੋਗ ਵਿੱਚ ਸ਼ਾਮਲ ਹੋ ਗਿਆ। ਜਿੰਨੀ ਕੁ ਰਹਿਤ ਮਰਿਯਾਦਾ ਸਮਝ ਸੱਕਿਆ, ਪੇਸ਼ਾਬ ਕਰਕੇ ਜਲ ਵਰਤਣਾ, ਇਸ਼ਨਾਨ ਕਰਕੇ, ਕਛਹਿਰੇ ਦਾ ਇੱਕ ਪਹੁੰਚਾ ਲਾਹ ਕੇ, ਸੁੱਕੇ ਕਛਹਿਰੇ ਦਾ ਪਾ ਕੇ ਫੇਰ ਦੂਸਰਾ ਪਹੁੰਚਾ ਲਾਹੁਣਾ। ਦੋਵੇਂ ਪਹੁੰਚੇ ਨਹੀਂ ਲੱਥਣ ਦੇਣੇ, ਜੰਗਲ ਮੈਦਾਨ ਜਾ ਕੇ ਰੇਤਾ ਨਾਲ ਹੱਥ ਮਾਂਜਣੇ, ਇਸ਼ਨਾਨ ਕਰਕੇ ਸੁੱਚੇ ਬਸਤ੍ਰ ਪਾਉਣੇ। ਜਿੰਨੀ ਕੁ ਰਹਿਤ ਮਰਿਯਾਦਾ ਮੈਂ ਰੱਖ ਸਕਿਆ, ਇਸਨੂੰ ਛੋਟੀ ਸੋਧ ਆਖਦੇ ਸਨ। ਮੈਂ ਜਿਸ ਗੱਲ ਦੀ ਖੋਜ ਵਿੱਚ ਸਾਂ ਉਹ ਪਰਾਪਤ ਹੋ ਗਈ। ਮੇਲੇ ਤੋਂ ਬਾਅਦ ਘਰ ਜਾ ਕੇ ਵੀ ਮੇਰਾ ਅੰਮ੍ਰਿਤ ਵੇਲੇ ਦਾ ਇਸ਼ਨਾਨ, ਦਿਨ ਚੜ੍ਹਦੇ ਤੱਕ ਨਾਮ ਦਾ ਜਾਪ ਅਤੇ ਫੇਰ ਗੁਰਬਾਣੀ ਪਾਠ ਮੇਰਾ ਨਿੱਤ ਕ੍ਰਮ ਬਣ ਗਿਆ। ਖਾਣ ਪੀਣ ਵੀ ਸਾਤਵਿਕ ਹੋ ਗਿਆ। ਦਾਦੇ ਵਾਲੀ ਸਿੱਖੀ ਮੁੜ ਘਰ ਵਿੱਚ ਪਰਤ ਆਈ।

ਪਤਾ ਲੱਗਿਆ ਕਿ ਅਖੀਰ ਦਿਸੰਬਰ ਸੰਨ 2000 ਨੂੰ ਯੂ.ਪੀ. ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਦੀ ਸਿਹਤ ਬਹੁਤ ਢਿੱਲੀ ਹੋ ਗਈ ਸੀ। ਮੈਂ ਫਰਵਰੀ 2001 ਨੂੰ ਸ੍ਰੀ ਭੈਣੀ ਸਾਹਿਬ ਆ ਕੇ ਇੱਕ ਵੇਰ ਦਰਸ਼ਨ ਕਰ ਗਿਆ। ਮਾਰਚ ਮਹੀਨੇ ਸ੍ਰੀ ਭੈਣੀ ਸਾਹਿਬ ਹੋਲੇ ਮਹੱਲੇ ਸਮੇਂ ਆ ਸ਼ਾਮਿਲ ਹੋਇਆ।

ਏਸੇ ਦੌਰਾਨ ਇਕ ਦਿਨ ਦੁਪਹਿਰ ਦੇ ਨਾਮ ਸਿਮਰਨ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਸਣ ਤੇ ਸੁਸ਼ੋਭਿਤ ਸਨ। ਮੱਥਾ ਟੇਕਣ ਵਾਸਤੇ ਸੰਗਤ ਦੀ ਲੰਬੀ ਕਤਾਰ ਵਿੱਚ ਮੈਂ ਵੀ ਹੌਲੀ-ਹੌਲੀ ਅੱਗੇ ਵਧ ਰਿਹਾ ਸੀ। ਸ੍ਰੀ ਸਤਿਗੁਰੂ ਜੀ ਦੀ ਸਿਹਤ ਬਹੁਤ ਕਮਜ਼ੋਰ ਜਾਪ ਰਹੀ ਸੀ। ਮੇਰੇ ਮਨ ਵਿੱਚ ਸ਼ੰਕਾ ਜਿਹੀ ਪੈਦਾ ਹੋ ਗਈ ਕਿ ਆਖਰ ਮਨੁੱਖ ਹੀ ਹਨ, ਕਿੰਨੇ ਕਮਜ਼ੋਰ ਹੋ ਗਏ ਹਨ। ਅਰਦਾਸ ਸਮੇਂ ਵੀ ਸੇਵਕ ਸਹਾਰਾ ਦੇ ਕੇ ਖੜਿਆਂ ਕਰਦੇ ਹਨ। ਇਸ ਤਰ੍ਹਾਂ ਦੇ ਖਿਆਲ ਮਨ ਵਿੱਚ ਆਉਣ ਦੀ ਦੇਰ ਹੀ ਸੀ ਕਿ ਮੈਂ ਅਜਬ ਕੌਤਕ ਵੇਖਿਆ। ਸ੍ਰੀ ਸਤਿਗੁਰੂ ਜੀ ਦੇ ਵਿਰਾਟ ਰੂਪ ਵਿੱਚ ਦਰਸ਼ਨ ਹੋਏ। ਸੂਰਜ ਵਾਂਗ ਚਿਹਰੇ ਦਾ ਤੇਜ ਹੈ ਜੋ ਝੱਲਿਆ ਨਹੀਂ ਜਾਂਦਾ। ਅਨੂਪ ਸਰੂਪ ਵੇਖਦਾ ਹਾਂ, ਜੋ ਮੈਂ ਗੁਰਬਾਣੀ ਵਿੱਚ ਪੜ੍ਹਦਾ ਸਾਂ-

ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ
ਪ੍ਰਾਨ ਅਧਾਰਾ ਰਾਮ॥

ਉਹੋ ਅਨੂਪ ਸਰੂਪ ਪ੍ਰਤੱਖ ਵੇਖਿਆ। ਪਰ ਚਿਹਰੇ ਦਾ ਤੇਜ ਝੱਲਿਆ ਨਹੀਂ ਗਿਆ, ਮੈਂ ਨਿਗ੍ਹਾ ਨੀਵੀਂ ਕਰ ਲਈ, ਫੇਰ ਨਿਗ੍ਹਾ ਚੁੱਕੀ ਤਾਂ ਉਹੋ ਤੇਜੱਸਵੀ ਰੂਪ। ਦੋ ਕੁ ਮਿੰਟ ਐਸਾ ਅਲੌਕਿਕ ਦਰਸ਼ਨ ਹੋਇਆ ਫੇਰ ਉਸੇ ਤਰ੍ਹਾਂ ਹੀ ਸਤਿਗੁਰੂ ਜੀ ਝੁਕੇ ਹੋਏ ਬੈਠੇ ਹਨ, ਕਮਜ਼ੋਰ ਜਿਹਾ ਸਰੀਰ ਹੈ। ਪਰ ਮੇਰੇ ਤਾਂ ਕਪਾਟ ਖੁੱਲ੍ਹ ਗਏ, ਸਰੀਰ ਦੀ ਤਸੀਰ ਹੀ ਬਦਲ ਗਈ। 'ਅਦਭੁਤ ਪਰਮਦਭੁਤ ਬਿਸਮੈ ਬਿਸਮ ਅਸਚਰਜੈ ਅਸਚਰਜ ਅਤਿ ਅਤਿ ਹੈ'- ਵਾਲੇ ਸਰੂਪ ਦੇ ਸਫਲ ਦਰਸ਼ਨ ਕਰਕੇ-

ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ
ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ॥

ਵਾਲੀ ਅਵਸਥਾ ਬਣ ਗਈ। ਮੈਂ ਜਾਣਿਆ ਕਿ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਪਰਮੇਸ਼ਰ ਦੀ ਜੋਤ ਹਨ, ਸਰਬ ਕਲਾ ਸਮਰੱਥ ਹਨ। ਮਨੁੱਖਾ ਸਰੀਰ ਵਿੱਚ ਦੁਖ-ਸੁਖ ਤਨ ਤੇ ਹੰਢਾਉਂਦੇ ਨਰ ਲੀਲ੍ਹਾ ਕਰਦੇ ਹਨ। ਮੇਰੇ ਧੰਨ ਭਾਗ ਹਨ ਮੈਨੂੰ ਸਫ਼ਲ ਦਰਸ਼ਨ ਦੇ ਕੇ ਮੇਰੀ ਸ਼ੰਕਾ ਨਵਿਰਤ ਕਰ ਦਿੱਤੀ-

ਕੇਤੀ ਕੇਤੀ ਮਾਂਗਨਿ ਮਾਗੈ ਭਾਵਨੀਆ ਸੋ ਪਾਈਐ।
ਸਫਲ ਸਫਲ ਸਫਲ ਦਰਸੁ ਰੇ
ਪਰਸਿ ਪਰਸਿ ਗੁਨ ਗਾਈਐ॥

# A Saga Of
# SRI SATGURU JAGJIT SINGH JI

**Dr. Sharada Jayagovind**

To quote Patshaji:

"The mind is very fickle... we need to rein it in and make it steady. A steady mind empowers us, it allows us to focus on all aspects of life including studies and worldly activities."

These words of Patsha ji had a great impact on students and youth, who were motivated to meditate.

Patshaji spoke on the benefits of meditating on the naam.

"Only naam can purify the mind which is polluted by sin. It is the only truth which will be our companion in life and even after death."

Patshaji quoted from the Gurbani:

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
Jih marag ke gane jahi na kosa.
On that endless path after death where the miles cannot be counted
.

ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥
Har ka nam uha sang tosa.
There, the Name of the Lord shall be your sustenance.

ਜਿਹ ਪੈਡੈ ਮਹਾ ਅੰਧ ਗੁਰਬਾਰਾ ॥
Jih pandai maha andh gubara.
On that journey of total, pitch-black darkness

ਹਰਿ ਕਾ ਨਾਮੁ ਸੰਗਿ ਉਜੀਆਰਾ ॥
Har ka nam sang ujiara.
The Name of the Lord shall be the Light with you.

Patsha ji advised the disciples to chant the *naam* with love and humility and accept whatever comes their way as the will of God.

Naam simran had become Satguruji's breath. *Naam* was rooted in his subconscious mind and he had become one with it. This made it possible for his mind to be at peace and shower this peace on all living beings. No wonder Patsha ji could sit composed and calm on the green lawns of Sri Bhaini Sahib and feed parsad to the peacock as if it were his child.

There is a classic photograph capturing this moment of supreme love. The peacock pecks at the pieces of roti from Patsha ji's hand and he fondly looks on like a mother feeding her infant. This is the moment when all walls break down and the self merges with the divine.

Patsha ji narrated a story to illustrate the protective powers of the *naam.* There is a particular species of bird, which lays eggs high up in the mountains. Only those baby birds, which the mother bird remembers to feed, survive. Others perish for want of nourishment. Similarly, only those who remember and call God will be protected and saved by Him.

Patsha ji insisted that everyone should perform at least one hour daily. Patshaji said:

"Constant chanting of God's name can melt down the mountain of sins; it can ferry us across the ocean of existence; it can liberate us from the cycle of birth and death. Only those who chant the *naam* know its sweetness."

Patshaji, the Apostle of Peace:

Patshaji was an ambassador of peace in more ways than one. He ushered in the era of peace and prosperity for Namdharis. He was a votary of peace and said that it has to be attained at any cost. He was pained to see that the world was torn apart by two World Wars and the bitter memories of Partition had left an indelible mark on Patshaji's mind.

Patsha ji's views on peace are based on the teachings of Guru Granth Sahib and the preachings of the previous Satgurus. In one of his discourses, Satguru Partap Singh ji had condemned politicians who talk about peace but continue to invent more and more powerful bombs to exterminate the world in minimum time.

......To be continued

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਸਾਹਿਬ ਜੀ ਸ਼ਹਾਦਤ ਤੇ ਵਿਸ਼ੇਸ਼

ਸੁਖਵਿੰਦਰ ਸਿੰਘ ਲਾਇਲ

ਰਾਮਦਾਸਿ ਗੁਰੂ ਜਗ ਤਾਰਨ ਕਉ
ਗੁਰ ਜੋਤਿ ਅਰਜੁਨ ਮਾਹਿ ਧਰੀ॥4॥

(ਪੰਨਾ : 1409)

ਗੁਰੂ ਦਾ ਵਿਅਕਤੀਤਵ ਮਨੁੱਖ ਦੀ ਸੋਚ ਦੀ ਵਿਸ਼ਾਲਤਾ ਤੋਂ ਵਿਸ਼ਾਲ, ਸੂਖ਼ਮਤਾ ਦੀ ਸਿਖ਼ਰ, ਅਧਿਆਤਮਵਾਦ ਦੀ ਚਰਮਸੀਮਾ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹੋਏ ਹਨ, ਜਿਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ, ਨਿਮਰਤਾ ਦੇ ਪੁੰਜ, ਸਰਬ ਸਾਂਝੀਵਾਲਤਾ ਦੇ ਪ੍ਰਤੀਕ ਮੰਨਿਆ ਜਾਂਦਾ ਹੈ।ਭਾਈ ਨੰਦ ਲਾਲ ਜੀ ਲਿਖਦੇ ਹਨ :

ਗੁਰੂ ਅਰਜਨ ਆਂ ਜੁਮਲਾ ਜ਼ੂਦੋ ਫ਼ਜ਼ਾਲ॥
ਹਕੀਕਤ ਪਯੋਹਿੰਦਹਇ ਹਕ ਜਮਾਲ॥04॥

ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਧਰਮਾਂ ਦੇ ਇਤਿਹਾਸ ਵਿਚ ਇਕ ਮਹਾਨ ਤੇ ਜੁਗ ਪਲਟਾਊ ਘਟਨਾ ਹੈ। ਇਹ ਸ਼ਹੀਦੀ ਮਨੁੱਖਤਾ ਦੇ ਇਤਿਹਾਸ ਵਿਚ ਇਨਕਲਾਬੀ ਮੋੜ ਦੀ ਸੂਚਕ ਹੋ ਨਿੱਬੜੀ। ਇਸ ਸ਼ਹਾਦਤ ਨੇ ਸਿੱਖਾਂ ਨੂੰ ਸਬਰ, ਸੰਤੋਖ ਤੇ ਦ੍ਰਿੜ੍ਹਤਾ ਨਾਲ ਆਪਣੇ ਹੱਕਾਂ ਦੀ ਰੱਖਿਆ ਕਰ ਸੱਕਣ ਦਾ ਚੱਜ ਸਿਖਾ ਕੇ ਸਿੱਖੀ ਦੇ ਮਹੱਲ ਦੀਆਂ ਨੀਹਾਂ ਨੂੰ ਐਸਾ ਪੱਕਾ ਤੇ ਮਜ਼ਬੂਤ ਕੀਤਾ ਕਿ ਆਉਣ ਵਾਲੇ ਸਮੇਂ ਵਿਚ ਜ਼ੁਲਮ ਦੇ ਝੱਖੜ ਇਸ ਦਾ ਕੁਝ ਨਾ ਵਿਗਾੜ ਸਕੇ। ਇਸ ਸ਼ਹਾਦਤ ਨੇ ਸਿੱਖ ਮਰਜੀਵੜਿਆਂ ਨੂੰ ਮਰਨ ਦੀ ਅਜਿਹੀ ਜਾਚ ਸਿਖਾਈ ਕਿ ਉਹ 'ਬਹੁਰਿ ਨ ਮਰਨਾ ਹੋਇ' ਦੇ ਲਕਸ਼ ਨੂੰ ਪ੍ਰਾਪਤ ਹੋ ਗਏ। ਇਸ ਸ਼ਹੀਦੀ ਨਾਲ ਸਿੱਖ ਇਤਿਹਾਸ ਵਿਚ ਸ਼ਹੀਦੀਆਂ ਦਾ ਨਵਾਂ ਅਧਿਆਇ ਆਰੰਭ ਹੋਇਆ।

ਸ਼ਹੀਦ ਦੀ ਸ਼ਹਾਦਤ ਹਮੇਸ਼ਾ ਸੱਚ ਵਾਸਤੇ ਹੁੰਦੀ ਹੈ, ਇਸ ਕਰਕੇ ਸੱਚ ਅਤੇ ਸ਼ਹਾਦਤ ਦਾ ਰਿਸ਼ਤਾ ਵੀ ਅਟੁੱਟ ਹੁੰਦਾ ਹੈ। ਸਿੱਖ ਧਰਮ ਵਿਚ ਸੱਚ 'ਤੇ ਚੱਲਣ ਦਾ ਮਾਰਗ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਜਾਗਰ ਕੀਤਾ ਸੀ ਅਤੇ ਨਾਲ ਇਹ ਵੀ ਸੱਦਾ ਦਿੱਤਾ ਸੀ–

ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰੁ ਧਰਿ ਤਲੀ ਗਲੀ ਮੇਰੀ ਆਉ
ਇਤੁ ਮਾਰਗਿ ਪੈਰੁ ਧਰੀਜੈ
ਸਿਰੁ ਦੀਜੈ ਕਾਣਿ ਨ ਕੀਜੈ

(ਪੰਨਾ : 1412)

ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਅਸਲ ਕਾਰਨ ਬਾਦਸ਼ਾਹ ਜਹਾਂਗੀਰ ਦੀ ਧਾਰਮਿਕ ਕੱਟੜਤਾ ਤੇ ਤੰਗ ਦਿਲੀ ਸੀ। ਬਾਕੀ ਸਾਰੇ ਕਾਰਨ ਉਸ ਕੱਟੜਤਾ ਵਿੱਚ ਸਹਾਇਕ ਸਿੱਧ ਹੋਏ। ਅਸਲ ਵਿਚ ਜਹਾਂਗੀਰ ਮੌਕੇ ਦੀ ਭਾਲ ਵਿਚ ਸੀ ਕਿ ਕਦੋਂ ਕੋਈ ਬਹਾਨਾ ਮਿਲੇ ਤੇ ਉਹ ਸਿੱਖ ਲਹਿਰ ਨੂੰ ਖ਼ਤਮ ਕਰ ਦੇਵੇ। ਇਸ ਗੱਲ ਦਾ ਜ਼ਿਕਰ ਉਹ ਆਪਣੀ ਸਵੈ-ਜੀਵਨੀ ਤੁਜ਼ਕਿ-ਜਹਾਂਗੀਰੀ ਵਿੱਚ ਵੀ ਕਰਦਾ ਹੈ। 'ਤੁਜ਼ਕਿ ਜਹਾਂਗੀਰੀ' ਨੂੰ ਗਹੁ ਨਾਲ ਵਾਚਿਆਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਦੀ ਸ਼ਹਾਦਤ ਜਹਾਂਗੀਰ ਦੀ ਧਾਰਮਿਕ ਕੱਟੜਤਾ ਦੀ ਨੀਤੀ ਦਾ ਹੀ ਇਕ ਅਹਿਮ ਕਾਰਨ ਸੀ। ਉਸ ਨੂੰ ਬਹਾਨੇ ਦੀ ਤਲਾਸ਼ ਸੀ ਅਤੇ ਉਹ ਉਸ ਨੂੰ ਖੁਸਰੋ ਦੀ ਬਗਾਵਤ ਵਿਚੋਂ ਮਿਲਿਆ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਯਾਸਾ-ਏ-ਸਿਆਸਤ ਅਧੀਨ ਸਜ਼ਾ ਦਿੱਤੀ, ਜਿਸ ਤੋਂ ਭਾਵ ਹੈ ਕਿ ਤਸੀਹੇ ਦੇ ਕੇ ਮਾਰਨਾ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪਹਿਲਾਂ ਤੱਤੀ ਲੋਹ 'ਤੇ ਬਿਠਾਇਆ ਗਿਆ, ਸੀਸ ਉਤੇ ਗਰਮ ਰੇਤ ਪਾਈ ਗਈ ਅਤੇ ਉੱਬਲਦੀ ਦੇਗ਼ ਵਿਚ ਬਿਠਾਇਆ ਗਿਆ। ਇਤਿਹਾਸ ਮੁਤਾਬਿਕ ਇਹ ਸਾਰਾ ਕੰਮ ਲਾਹੌਰ ਦਰਬਾਰ ਵਿੱਚ ਅਸਰ-ਰਸੂਖ ਰੱਖਣ ਵਾਲੇ ਵਿਅਕਤੀਆਂ ਵੱਲੋਂ ਕੀਤਾ ਗਿਆ।

ਇਤਿਹਾਸ ਇਸ ਗੱਲ ਦਾ ਸਾਖੀ ਹੈ ਕਿ ਗੁਰੂ ਜੀ ਅਖੀਰ ਤੱਕ ਅਡੋਲ, ਨਿਰਭੈ ਅਤੇ ਸ਼ਾਂਤ-ਚਿਤ ਰਹੇ। ਉਹ ਇਸ ਭਿਆਨਕ, ਨਿਰਦਈ ਹਾਲਾਤ ਵਿਚ ਵੀ ਹਰੀ ਸਿਮਰਨ ਵਿਚ ਲੀਨ ਰਹੇ ਤੇ ਪ੍ਰਭੂ ਦੇ ਭਾਣੇ ਨੂੰ ਸਦਾ ਮਿੱਠਾ ਕਰਕੇ ਮੰਨਣ ਦੀ ਜਾਚ ਸਿਖਾ ਗਏ। ਆਪ ਜੀ ਦੀ ਸ਼ਹਾਦਤ ਸਹਿਣਸ਼ੀਲਤਾ ਦੀ ਅਖੀਰ ਸੀ, ਜਿਸ ਨਾਲ 'ਤੇਰਾ ਕੀਆ ਮੀਠਾ ਲਾਗੈ' ਦਾ ਫਲਸਫਾ:

ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜਸ਼ਤ॥
ਹਲਾਲੁ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ॥

ਵਿਚ ਤਬਦੀਲ ਹੋ ਗਿਆ।

ਗੁਰੂ ਸਾਹਿਬ ਦੀ ਸ਼ਹੀਦੀ ਨਾਲ ਸਿੱਖਾਂ ਦੇ ਮਨਾਂ ਵਿਚ ਇਹ ਗੱਲ ਘਰ ਕਰ ਗਈ ਕਿ ਧਰਮ ਦੀ ਰੱਖਿਆ ਲਈ ਅਤੇ ਜ਼ਾਲਮਾਂ ਨੂੰ ਸੋਧਨ ਲਈ ਹਥਿਆਰਬੰਦ ਹੋਣਾ ਤੇ ਵੈਰੀ ਨਾਲ ਦੋ ਹੱਥ ਕਰਨਾ ਲਾਜ਼ਮੀ ਹੈ। ਇਸ ਸ਼ਹਾਦਤ ਤੋਂ ਬਾਅਦ ਮਾਲਾ ਫੇਰਨ ਵਾਲੇ ਹੱਥਾਂ ਵਿਚ ਸ਼ਮਸ਼ੀਰ ਵੀ ਆ ਗਈ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਅਤੇ ਅਕਾਲ ਤਖ਼ਤ ਦੀ ਸਥਾਪਨਾ ਕੀਤੀ।

ਗੁਰੂ ਜੀ ਦੀ ਖਾਮੋਸ਼ ਸ਼ਹਾਦਤ ਨੇ ਸਿੱਖ ਕੌਮ ਵਿਚ ਜਬਰ ਵਿਰੁੱਧ ਬਗਾਵਤ ਦਾ ਅਥਾਹ ਜੋਸ਼ ਭਰ ਦਿੱਤਾ। ਇਹੀ ਕਾਰਨ ਸੀ ਕਿ ਸਿੱਖਾਂ ਨੇ ਹਰ ਮੁਸੀਬਤ ਨੂੰ ਖਿੜੇ-ਮੱਥੇ ਝੱਲਦਿਆਂ ਤੇ ਤਸੀਹੇ ਸਹਾਰਦਿਆਂ ਹੋਇਆਂ ਬੇ-ਅਣਖੇ ਜੀਵਨ ਨਾਲੋਂ ਅਣਖ ਭਰੀ ਮੌਤ ਨੂੰ ਪਹਿਲ ਦਿੱਤੀ।

'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥
(ਪੰਨਾ 1102)'

ਦਾ ਆਦਰਸ਼ ਸਿੱਖੀ ਵਿਚ ਦਾਖਲ ਹੋਣ ਲਈ ਪਹਿਲਾ ਕਦਮ ਬਣ ਗਿਆ। ਸੱਚ ਉਤੇ ਪਹਿਰਾ ਦਿੰਦਿਆਂ ਸਿੱਖਾਂ ਨੇ ਬੁਰਾਈਆਂ ਦਾ ਟਾਕਰਾ ਕੀਤਾ। ਕਮਜ਼ੋਰਾਂ ਨੂੰ ਲਤਾੜੇ ਜਾਂਦੇ ਵੇਖ ਸਿੱਖਾਂ ਦੇ ਜਜ਼ਬੇ ਜਾਗ ਪਏ, ਸਿੱਖ ਨਿਆਸਰਿਆਂ ਨੂੰ ਆਸਰਾ ਦੇਣ ਲਈ ਬਲਦੀ ਅੱਗ ਵਿਚ ਵੀ ਕੁੱਦਣ ਲੱਗੇ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਿੱਖਾਂ ਅੰਦਰ ਗੁਰੂ ਘਰ ਦੇ ਵਿਰੋਧੀਆਂ ਵੱਲੋਂ ਪੈਦਾ ਕੀਤੀਆਂ ਮੁਸੀਬਤਾਂ ਦਾ ਹਿੰਮਤ ਤੇ ਦਲੇਰੀ ਨਾਲ ਟਾਕਰਾ ਕਰਨ ਦੀ ਸਮਰੱਥਾ ਪੈਦਾ ਹੋਈ। ਪ੍ਰਿੰਸੀਪਲ ਸਤਿਬੀਰ ਸਿੰਘ ਨੇ ਠੀਕ ਲਿਖਿਆ ਹੈ 'ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਕੁਰਬਾਨੀ ਦੇ ਕੇ ਸਿੱਖਾਂ ਲਈ ਪੂਰਨੇ ਪਾਏ ਤਾਂ ਕਿ ਆਉਣ ਵਾਲੀਆਂ ਨਸਲਾਂ ਉਨ੍ਹਾਂ ਪੂਰਨਿਆਂ ਉੱਤੇ ਚੱਲ ਸੱਕਣ। ਜੇ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹਾਦਤ ਨਾ ਦਿੰਦੇ ਤਾਂ ਸ਼ਾਇਦ ਉਸ ਉਤਸ਼ਾਹ ਨਾਲ ਸਿੱਖ ਸ਼ਹਾਦਤਾਂ ਪੇਸ਼ ਨਾ ਕਰਦੇ, ਜਿਸ ਨਾਲ ਬਾਅਦ ਦੇ ਸਮੇਂ ਵਿਚ ਉਨ੍ਹਾਂ ਸ਼ਹਾਦਤਾਂ ਦਿੱਤੀਆਂ। ਜੇ ਸਿੱਖ ਆਚਰਨ ਨੇ ਦੁਨੀਆਂ ਦੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਤਾਂ ਇਸ ਦਾ ਵੱਡਾ ਕਾਰਨ ਗੁਰੂ ਜੀ ਦੀ ਸ਼ਹਾਦਤ ਸੀ, ਜਿਸ ਨੇ ਅਜਿਹੀ ਨੀਂਹ ਰੱਖੀ ਕਿ ਉਸ ਉੱਤੇ ਸਿੱਖੀ ਦਾ ਸੁੰਦਰ ਮਹੱਲ ਬਣਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਸਾਡਾ ਮੁਢਲਾ ਫ਼ਰਜ਼ ਹੈ ਕਿ ਅਸੀਂ ਅਨਿਆਂ ਵਿਰੁੱਧ ਚੇਤੰਨ ਹੋ ਕੇ ਮਨੁੱਖੀ ਅਧਿਕਾਰਾਂ ਤੇ ਮਨੁੱਖੀ ਆਜ਼ਾਦੀ ਲਈ ਸੰਘਰਸ਼ਸ਼ੀਲ ਹੋਈਏ, ਸਿੱਖ ਧਰਮ ਦੇ ਸਿਧਾਂਤਾਂ ਨੂੰ ਵਿਵਹਾਰਕ ਜੀਵਨ ਦਾ ਹਿੱਸਾ ਬਣਾਈਏ ਅਤੇ ਪਾਤਸ਼ਾਹ ਜੀ ਦੀ ਸ਼ਹਾਦਤ ਦੇ ਫਲਸਫੇ ਨੂੰ ਹਿਰਦਿਆਂ ਵਿਚ ਵਸਾ ਲੋਕਾਈ ਦੀ ਸੇਵਾ ਵਿੱਚ ਜੁੱਟ ਜਾਈਏ-

ਜਪ੍ਉ ਜਿਨ ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ॥
(ਪੰਨਾ 1409)

----------------

## Sacrifice For Righteousness

Sri Satguru Arjan Dev Ji sacrificed his life to uphold the fundamental rights of Justice, Equality, Freedom and righteousness (Dharma).

Are we following his teachings in these times?

Are we afraid to speak about poor and marginalized in the society?

Is it not the moral duty of privileged people to speak about underprivileged and downtrodden people?

Are we trapped in our comfort zones?

We need to analyze on this occasion about our own thinking pattern... Only then we can pay respect and homage to Sri Satguru Arjan Dev Ji in true manner.

Dr. S.P Singh

# ਦਸਮ ਗੁਰੂ ਜੀ (ਬਾਬਾ ਅਜਾਪਾਲ ਸਿੰਘ ਜੀ) ਜੋਤੀ ਜੋਤ ਸਮਾਏ

ਦਵਿੰਦਰ ਸਿੰਘ ਗਿੱਲ (ਜੀਆ ਨੱਥਾ)

## 11 ਮਈ (29 ਵੈਸਾਖ) ਬਾਬਾ ਅਜਾਪਾਲ ਸਿੰਘ ਜੀ ਦੇ ਜੋਤੀ ਜੋਤਿ ਦਿਵਸ ਤੇ

ਦਸਮ ਪਾਤਸ਼ਾਹ, ਬਾਬਾ ਅਜਾਪਾਲ ਸਿੰਘ ਦੇ ਰੂਪ ਵਿੱਚ ਵੈਸਾਖ ਸੁਦੀ ਦਸਮੀ 1869 ਬਿਕਰਮੀ (1812 ਈਸਵੀ) ਨੂੰ ਸਤਿਗੁਰੂ ਬਾਲਕ ਸਿੰਘ ਜੀ ਨੂੰ ਗੁਰਗੱਦੀ ਦੀ ਜ਼ੁੰਮੇਵਾਰੀ ਸੌਂਪ ਕੇ ਆਪ ਜੀ ਕਾਬਲ ਤਕ ਗਏ। ਫਿਰ ਆਪ ਜੀ ਪੰਜਾਬ ਦੀ ਧਰਤੀ ਨੂੰ ਚਰਨਛੋਹ ਬਖਸ਼ਦੇ ਹੋਏ ਦੋਬਾਰਾ ਨਾਭੇ ਆ ਬਿਰਾਜੇ ਤੇ ਉਥੇ ਹੀ ਆਪ ਜੀ ਜੇਠ ਸੁਦੀ ਪੰਜ 1869 ਬਿਕਰਮੀ (1812 ਈਸਵੀ) ਨੂੰ ਜੋਤੀ ਜੋਤ ਸਮਾ ਗਏ। ਦਸਮ ਗੁਰੂ ਜੀ ਦੇ ਗੁਪਤ ਜੀਵਨ ਬਾਰੇ ਵੇਰਵੇ ਸਹਿਤ ਹਾਲ ਬਾਬਾ ਨਰਾਇਣ ਸਿੰਘ ਵਾਲੀ ਪੋਥੀ ਵਿਚ ਮਿਲ ਜਾਂਦੇ ਹਨ, ਉਸ ਵਿਚੋਂ ਦਸਮ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਵਾਲੇ ਵੇਰਵੇ ਸੰਖੇਪ ਰੂਪ ਵਿਚ ਇੱਥੇ ਲਿਖ ਰਹੇ ਹਾਂ। ਉਸ ਪੋਥੀ ਵਿਚ ਦਸਮ ਗੁਰੂ ਜੀ ਨੂੰ ਬਾਬਾ ਸਾਹਿਬ ਅਤੇ ਗੁਰੂ ਸਿੰਘ ਜੀ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ, ਵੇਰਵੇ ਇਸ ਪ੍ਰਕਾਰ ਹਨ :

ਬਾਬਾ ਸਾਹਿਬ ਜੀ ਦੀ ਪ੍ਰਲੋਕ ਗਮਨ ਦੀ ਤਿਆਰੀ

ਪੰਜ ਦਿਨ ਉਪਰ ਥਲੀ ਨੌਬਤ ਸਾਹਿਬ ਬਜੇਗੀ। ...ਸੁਖਾ ਸਿੰਘ ਮੈਣੀ ਬ੍ਰਹਿਮਣ ਨਾਲ ਵੈਦਾ ਹੈ ਜਬ ਸਰੀਰ ਤਿਆਗੇ ਦਰਸ਼ਨ ਦੇਣਾ ਸੋ ਉਸ ਕੋ ਬੁਲਾਉ। ਸਰੂਪ ਸਿੰਘ ਜੀ ਤਾਂ ਸਾਡੀ ਤੇ ਰਾਕੀਆਂ ਦੀ ਸੇਵਾ ਕਰਦੇ ਹਨ... ਰਣ ਸਿੰਘ ਨੇ ਕਿਹਾ ਮਹਾਰਾਜ ਮੈਨੂੰ ਆਗਿਆ ਦਿਉ ਮੈਂ ਜਾਮਾਂ, ਸਰਦਾਰ ਭੂਮ ਸਿੰਘ ਜੀ ਕੋ ਕਹੋ ਕਿ ਗੁਰੂ ਸਿੰਘ ਨੇ ਕਹੀਂ ਭੇਜਣਾ ਹੈ ਰਣ ਸਿੰਘ ਨੇ ਜਾ ਕੇ ਸਰਦਾਰ ਭੂਮਾਂ ਸਿੰਘ ਨੂੰ ਕਹੇਆ ਮੈਨੂੰ ਗੁਰੂ ਸਿੰਘ ਜੀ ਕਹੀਂ ਭੇਜਣਾ ਚਾਹੁੰਦੇ ਹਨ ਛੁੱਟੀ ਦੇਉ। ਭੂਮਾਂ ਸਿੰਘ ਨੇ ਕਹੇਆ ਮੈਨੂੰ ਕੀ ਪੁਛਣਾ ਹੈਂ ਜਬ ਗੁਰੂ ਸਿੰਘ ਜੀ ਭੇਜਦੇ ਹਨ ਜਾਉ... ਔਰ ਸੁਖਾ ਸਿੰਘ ਨੂੰ ਕਹੋ ਗੁਰੂ ਸਿੰਘ ਜੀ ਦਾ ਹੁਕਮ ਹੈ ਜੋ ਪ੍ਰਸ਼ਾਦ ਛਕਦੇ ਹੋ ਹੱਥ ਰਸਤੇ ਵਿਚ ਧੋਵੇ ਤੁਰਤ ਟੁਰ ਪਵੋ...ਮਾਈ ਸੇਢਾਂ ਨੂੰ ਹੁਕਮ ਦਿੱਤਾ ਹਮਰਾ ਏਕ ਫੁਲਕਾ ਦੇ ਦਿਉ ਇਹ ਫੁਲਕਾ ਜਾਂਦਾ ਵਾਂ ਰਸਤੇ ਮੈਂ ਛਕੇ ਏਹੀ ਔਂਦਾ ਵਾ ਛਕੇ ਜਲਦੀ ਸੁਖਾ ਸਿੰਘ ਕੋ ਲੈਕੇ ਆਉ ਰਣ ਸਿੰਘ ਅਰਦਾਸ ਕਰਕੇ ਤੁਰ ਪਿਆ... ਇਸ਼ਨਾਨ ਕਰਕੇ ਨਏਆਂ ਪੁਸ਼ਾਕਾ ਪਹਿਣ ਕੇ ਰਹਿਰਾਸ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਨੌਬਤ ਸਾਹਿਬ ਬਜੌਨੀ ਸ਼ੁਰੂ ਕੀਤੀ ਬੜੇ ਬਚਿਤ੍ਰ ਸੁਰ ਧੰਨ ਗੁਰੂ ਧੰਨ ਗੁਰੂ ਤੂੰ ਹੀ ਗੁਰੂ ਤੂੰ ਹੀ ਗੁਰੂ ਨੌਬਤ ਵਿਚੋਂ ਆਵਾਜ ਆਵੇ ਸੂਰਜ ਦੀ ਚਲਕੋਰ ਨਾਲ ਬੰਦ ਕਰਦੇ... ਜਦ ਪੰਜਵੇਂ ਦਿਨ ਨੌਬਤ ਬਜਾ ਕੇ ਹਟੇ ਫੁਰਮਾਉਣ ਲੱਗੇ ਸਰੂਪ ਸਿੰਘ: ਬਾਬਾ ਸਰੂਪ ਸਿੰਘ ਉਤੇ (ਚੁਬਾਰੇ ਵਿਚ) ਗਏ ਅਰਜ਼ ਕੀਤੀ ਦਾਸ ਨੂੰ ਕੀ ਹੁਕਮ ਹੈ। ਫੁਰਮਾਇਆ ਅੱਜ ਜ਼ੋਰ ਸੇ ਨੌਬਤ ਬਜਾਈ ਤਾਂ ਪੁਰਾਣੇ ਜਖਮ ਪਾਟ ਗਏ... ਪਲੰਘ ਪਰ ਬਿਰਾਜੇ ਵੇਖੇ ਅਰ ਲਹੂ ਲਹੂ ਹੋਇਆ ਪਿਆ ਸੀ ਬਾਬਾ ਸਰੂਪ ਸਿੰਘ ਜੀ ਅਰਜ਼ ਕੀਤੀ ਜੋ ਹੁਕਮ ਕਰੋ ਰੇਸ਼ਮ ਨਾਲ ਸਿਉਂ ਦੇਈਏ ਜਾਂ ਕਿਸੀ ਜਰਾਹ ਨੂੰ ਬਲਾਈਏ। ਕਹਿਆ ਸਹਿਰ ਸੇ ਕੇਸੂ ਲੈ ਆਉ ਔਰ ਕੁਛ ਨਹੀਂ ਕਰਨਾ... ਸਰੂਪ ਸਿੰਘ ਜੀ ਇੱਕ ਛੀਬੇ ਦਿਉ ਕੈਸੂ ਲੈ ਆਏ ਫੁਰਮਾਇਆ ਉਬਾਲ ਕੇ ਉਤੇ ਲੈ ਆਉ । ਫੁਰਮਾਇਆ ਪਹਿਲੋਂ ਕੋਸੇ ਕੋਸੇ ਨਾਲ ਹੌਲੀ-ਹੌਲੀ ਟਕੋਰ ਕਰਕੇ ਏਹੀ ਕੇਸੂ ਜਖਮ ਦੇ ਉਤੇ ਬੰਨ ਦਿਉ। ਇਸ ਤਰ੍ਹਾਂ ਰੋਜ਼ ਪਹਿਲੇ ਟਕੋਰ ਕਰਕੇ ਫੇਰ ਉਤੇ ਬੰਨ ਦਿਆ ਕਰਨੇ, ਤਿੰਨ ਦਿਨ ਕੇਸੂਆਂ ਦੀ ਹੀ ਟਕੋਰ ਕੇਸੂ ਹੀ ਉਤੇ ਬੰਦੇ ਜ਼ਖਮ ਉਸ ਤਰਾ ਰਹੇ ਪਰ ਲਹੂ ਬੰਦ ਹੋ ਗਿਆ। ਉਤੇ ਕੇਸੂਆਂ ਦਾ ਪਟਾ ਬੰਨ੍ਹ ਰਹਿਆ ਕਰੇ, ਮਹਾਰਾਜ ਜਸਵੰਤ ਸਿੰਘ ਜੀ ਨੂੰ ਭੀ ਖਬਰ ਹੋਈ ਬਾਬਾ ਜੀ ਦਾ ਘਾਉ ਖੁਲ ਗਿਆ ਹੈ। ਰਾਜਾ ਸਾਹਿਬ ਜੀ ਨੇ ਗੁਲਾਮ ਕਾਦਰ ਹਕੀਮ ਭੇਜਿਆ.. ਡੇਰੇ ਆ ਕੇ ਹੇਠਾਂ ਖੜੇ ਹੋ ਗਏ ਬਾਬਾ ਸਰੂਪ ਸਿੰਘ ਜੀ ਨੂੰ ਕਹਿਆ ਮੈਨੂੰ ਰਾਜਾ ਸਾਹਿਬ ਜੀ ਨੇ ਭੇਜਿਆ ਹੈ ਬਾਬਾ ਸਾਹਿਬ ਜੀ ਦਾ ਜ਼ਖਮ ਦੇਖਣ ਵਾਸਤੇ.. ਸਰੂਪ ਸਿੰਘ ਜੀ ਉਤੇ ਗਏ ਅਰਜ਼ ਕੀਤੀ ਰਾਜਾ ਸਾਹਿਬ ਨੇ ਦਿੱਲੀ ਵਾਲਾ ਬੜਾ ਹਕੀਮ ਹਜ਼ੂਰ ਦੇ ਵਾਸਤੇ ਭੇਜਿਆ ਹੈ, ਹੇਠਾਂ ਖੜਾ ਹੈ। ਬਾਬਾ ਸਾਹਿਬ ਜੀ ਨੇ ਫੁਰਮਾਇਆ 'ਬੈਦ ਬੁਲਾਇਆ ਬੈਦਗੀ! ਭੋਲਾ ਵੈਦ...। ਇਹ ਤੁਕਾਂ ਪੜ੍ਹ ਕਹਿਆ ਰਾਜਾ ਸਾਹਿਬ ਨੂੰ ਕਹੋ ਇਸ ਹਕੀਮ ਦੀ ਲੋੜ ਨਹੀਂ, ਹੁਣ ਹੋਰ ਹਕੀਮ ਦੀ ਲੋੜ ਹੈ। ਹਕੀਮ ਨੂੰ ਕਹੋ ਜਾਵੇ, 11 ਰੁਪੈ ਦੇ ਦਿਉ... ਹਕੀਮ ਜੀ ਚਲੇ ਗਏ ਰਾਜਾ ਸਾਹਿਬ ਨੂੰ ਸਾਰਾ ਹਾਲ ਸੁਣਾਇਆ। ਆਥਣ ਵਕਤ ਰਾਜਾ ਜਸਵੰਤ ਸਿੰਘ ਜੀ ਡੇਰੇ ਆਏ, ਅਰਜ਼ ਕੀਤੀ ਮੈਂ ਮਹਾਰਾਜ ਜੀ ਦੇ ਦਰਸ਼ਨ ਕਰਨੇ ਹਨ... ਫੁਰਮਾਇਆ ਰਾਜਾ ਸਾਹਿਬ ਨੂੰ ਕਹਿ ਦਿਉ ਹੁਣ ਦਰਸ਼ਨ ਨਹੀਂ ਹੁੰਦੇ ਔਰ ਅਸੀਂ ਖੁਸ਼ ਹਾਂ। ਰਾਜਾ ਸਾਹਿਬ ਕਹਿਆ ਅੱਛਾ ਜੋ

ਮਹਾਰਾਜ ਦਾ ਹੁਕਮ ਹੈ ਪਰ ਦਿਨ ਵਿਚ ਪੰਜ-ਚਾਰ ਦਫਾ ਆਇਆ ਕਰੇ ਸਾਰੀ ਖਬਰ ਸਾਰ ਲੈ। "

ਉਪਰੋਕਤ ਹਵਾਲੇ ਤੋਂ ਭਲੀ ਭਾਂਤ ਜ਼ਾਹਿਰ ਹੁੰਦਾ ਹੈ ਕਿ ਦਸਮ ਗੁਰ ਆਪਣੇ ਗੁਪਤ ਜੀਵਨ ਸਮੇਂ ਨੌਬਤ ਵਜਾਇਆ ਕਰਦੇ ਸਨ ਅਤੇ ਕਈ ਵਾਰ ਇਕ ਰਸ ਸਾਰੀ ਸਾਰੀ ਰਾਤ ਵਜਾਇਆ ਕਰਦੇ ਸਨ। ਇਸ ਪ੍ਰਕਾਰ ਆਪ ਜੀ 1812 ਈਸਵੀ (1869 ਬਿਕਰਮੀ) ਜੇਠ ਦੇ ਮਹੀਨੇ ਲਗਾਤਾਰ ਇਕ ਰਸ ਏਨੇ ਜ਼ੋਰ ਨਾਲ ਨੌਬਤ ਵਜਾਈ ਕਿ ਆਪ ਜੀ ਦੀ ਵੱਖੀ ਦਾ ਪੁਰਾਣਾ ਘਾਓ ਜ਼ਖ਼ਮ ਦੋਬਾਰਾ ਖੁੱਲ੍ਹ ਗਿਆ। ਉਹ ਜ਼ਖਮ ਆਪ ਜੀ ਦੇ ਦੱਖਣ ਵਿਚ ਨਾਂਦੇੜ ਵਿਖੇ ਪਠਾਣ ਦੇ ਛੁਰੇ ਦੇ ਵਾਰ ਨਾਲ ਹੋਇਆ ਸੀ। ਜ਼ਖਮ ਖੁੱਲ੍ਹਣ ਨਾਲ ਲਹੂ ਬਹੁਤ ਨਿਕਲਣਾ ਸ਼ੁਰੂ ਹੋ ਗਿਆ ਤਾਂ ਗੁਰੂ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ ਕੇ ਜ਼ਖਮ ਦੀ ਮਰਹਮ ਪਟੀ ਕਰਨੀ ਜ਼ਰੂਰੀ ਨਾ ਸਮਝੀ, ਕੇਸੂ ਦੇ ਫੁਲ ਹੀ ਬੰਨਾਏ। ਨਾਭੇ ਦੇ ਮਹਾਰਾਜੇ ਵਲੋਂ ਭੇਜਿਆ ਗਿਆ ਸ਼ਾਹੀ ਹਕੀਮ ਸਤਿਗੁਰਾਂ ਨੇ ਗਿਆਰਾਂ ਰੁਪਏ ਦੇ ਕੇ ਵਾਪਸ ਭੇਜ ਦਿੱਤਾ। ਅਗੋਂ ਬਾਬਾ ਨਾਰਇਣ ਵਾਲੀ ਪੋਥੀ ਦੀ ਵਾਰਤਕ ਪੜ੍ਹੋ-

"ਮਹਾਰਾਜ ਨੇ ਭਾਈ ਸੁੱਖਾ ਸਿੰਘ ਜੀ ਨੂੰ ਗੋਤੇ ਪਿੰਡ ਤੋਂ ਬੁਲਾਇਆ- ਪੰਜਵੇਂ ਦਿਨ ਗੋਤੇ ਪਿੰਡ ਭਾਈ ਰਣ ਸਿੰਘ ਪਹੁੰਚਿਆਂ ਜੋ ਨਾਭੇ ਤੋਂ ਇਕ ਸੌ ਚਾਲੀ ਕੋਸ ਹੈ। ਆਪਸ ਮੇਂ ਪ੍ਰੇਮ ਨਾਲ ਮਿਲੇ ਔਰ ਕਿਹਾ ਕਿਸ ਤਰ੍ਹਾਂ ਦਰਸਨ ਦਿਤੇ ਭਾਈ ਰਣ ਸਿੰਘ ਜੀ ਨੇ ਕਿਹਾ ਬਾਬਾ ਸਾਹਿਬ ਜੀ ਭੇਜਿਆ ਹੈ ਕਿ ਸੁਖਾ ਸਿੰਘ ਨਾਲ ਸਾਡਾ ਵੈਦਾ ਹੈ...ਖੜੇ ਹੋ ਤੇ ਤੁਰ ਪਵੋ ਜੋ ਪ੍ਰਸਾਦ ਛਕਦੇ ਹੋ ਹਥ ਰਸਤੇ ਵਿਚ ਧੋਵੋ... ਸੁਖਾ ਸਿੰਘ ਬੜਾ ਗਦਗਦ ਹੋਇਆ ਤੁਰਕੇ ਪੰਜਵੇਂ ਦਿਨ ਬਾਬਾ ਜੀ ਦੇ ਚਰਨਾਂ ਮੈਂ ਪਹੁੰਚੇ.. ਫੁਰਮਾਇਆ ਗਰਮੀ ਦੀ ਰੁੱਤ ਹੈ ਉਨ ਕੋ ਜਲ ਛਕਾਉ।...ਪ੍ਰਸ਼ਾਦ ਪਾਣੀ ਛਕਾ ਕੇ ਕਹਿਆ ਹੁਣ ਤੁਸੀਂ ਆਰਾਮ ਕਰੋ. ਤੀਨੋਂ ਪ੍ਰਸ਼ਾਦ ਛਕ ਕੇ ਪਰਕਰਮਾ ਕਰਨ ਲਗੇ ਆਥਣ ਤਕ ਪਰਕੰਮਾ ਦਰਵਾਰ ਸਾਹਿਬ ਜੀ ਦੀ ਕਰੀ ਗਏ ਮੱਥਾ ਟੇਕ ਲੈਣ ਪਰਕਰਮਾ ਕਰ। ਅੰਧੇਰਾ ਹੋ ਗਿਆ।... ਅੰਮ੍ਰਿਤ ਵੇਲੇ ਬਾਬਾ ਸਾਹਿਬ ਨੇ ਹੁਕਮ ਦਿੱਤਾ ਸੁਖਾ ਸਿੰਘ ਤੇ ਦੋਨੋ ਲੜਕਿਆਂ ਨੂੰ ਬੁਲਾਉ ਤੀਨੋਂ ਉਪਰ ਗਏ। ਬਾਬਾ ਸਾਹਿਬ ਜੀ ਚਰਨਾ ਮੈਂ ਮੱਥਾ ਟੇਕਿਆ.. ਫੁਰਮਾਇਆ ਸੁਖਾ ਸਿੰਘ ਪਟਿਆਲੇ ਤੇਰੇ ਨਾਲ ਵੈਦਾ ਕੀਤਾ ਸੀ, ਸੁਖਾ ਸਿੰਘ ਨੇ ਦੋਨੋ ਹਥ ਜੋੜ ਕੇ ਬੇਨਤੀ ਕੀਤੀ ਦਾਸ ਪਰ ਬੜੀ ਕਿਰਪਾ ਕੀਤੀ... ਸਭ ਹੇਠ ਉਤਰ ਆਏ।

**ਨੌਬਤ ਸਾਹਿਬ ਬਜਾਉਣੀ:**

ਜਬ ਮਸਿਆ ਦਾ ਦਿਨ ਆਇਆ ਤਾਂ ਬੜੇ ਬਾਬਾ ਸਾਹਿਬ ਜੀ ਨੇ ਫੁਰਮਾਇਆ "ਗੁਰੂ ਸਿੰਘ" ਜੀ ਦੀ ਤਿਆਰੀ ਹੈ ਅਜ ਪੰਜ ਦਿਨ ਰਹਿ ਗਏ ਹਨ, ਰਹਿਰਾਸ ਪੜਕੇ ਨੌਬਤ ਸਾਹਿਬ ਬਜਾਉਣ ਲਗੇ।... ਬੜੇ ਬਚਿਤਰ ਸੁਰ ਨਿਕਲੇ ਧੰਨ ਗੁਰੂ ਤੁਹੀਂ ਗੁਰੂ, ਰਾਤ ਦੇ ਬਾਰਾਂ ਵਜੇ ਬਾਬਾ ਸਰੂਪ ਸਿੰਘ ਜੀ ਉਪਰ ਗਏ ਤਾਂ ਮਹਾਰਾਜ ਜੀ ਨੇ ਫੁਰਮਾਇਆ ਸਾਨੂੰ ਕੁਛ ਪਿਆਸ ਹੈ ਜਲ ਲੈ ਆਓ। ਜਲ ਲੈ ਗਏ, ਜਲ ਛਕੀ ਗਏ ਨਾਲੇ ਨੌਬਤ ਬਜਾਈ ਗਏ।

**ਅਜ ਮਹਾਰਾਜ ਜੀ ਦੀ ਤਿਆਰੀ:**

ਜੇਠ ਸੁਦੀ ਪੰਜਵੀਂ ਦਾ ਦਿਨ ਚੜਿਆ ਤਾਂ ਬਾਬਾ ਸਰੂਪ ਸਿੰਘ ਜੀ ਉਤੇ ਗਏ ਤਾਂ ਬਾਬਾ ਸਾਹਿਬ ਜੀ ਨੇ ਫੁਰਮਾਇਆ ਅਜ ਗੁਰੂ ਸਿੰਘ ਜੀ ਦੀ ਤਿਆਰੀ ਹੈ। ਦੋਨੋ ਚੁਬਾਰਿਆਂ ਮੈਂ ਪੋਚਾ ਸਮੇਤ ਕੰਧਾਂ ਦਿਉ। ਅਰ ਸਾਡੀ ਤਿਆਰੀ ਹੈ। ਬਾਬਾ ਸਰੂਪ ਸਿੰਘ ਜੀ ਨੇ ਹੇਠ ਆ ਕੇ ਜ਼ਿਕਰ ਕੀਤਾ ਅਜ ਮਹਾਰਾਜ ਜੀ ਦੀ ਤਿਆਰੀ ਹੈ। ਮਾਈ ਸੇਵਾਂ ਜੀ ਨੇ ਕਹਿਆ ਬਾਘ ਸਿੰਘ ਪ੍ਰੋਹਤ ਨੇ ਅਰਜ ਕੀਤੀ ਹੈ ਅੰਤ ਸਮੇਂ ਦਾਸ ਨੂੰ ਭੀ ਦਰਸ਼ਨ ਦੇਣ। ਬਾਬਾ ਸਾਹਿਬ ਜੀ ਨੇ ਫੁਰਮਾਇਆ ਦੋ ਘੜੀ ਦਿਨ ਰਹਿੰਦੇ ਆ ਜਾਵੇ... ਇਤਨੇ ਕੋ ਬਾਘ ਸਿੰਘ ਜੀ ਪ੍ਰੋਹਤ ਆ ਗਏ... ਕਹਿਆ ਆਪ ਦੇ ਵਾਸਤੇ ਐਸਾ ਮਹਾਰਾਜ ਜੀ ਨੇ ਹੁਕਮ ਦਿੱਤਾ ਹੈ, ਪ੍ਰੋਹਤ ਜੀ ਨੇ ਕਹਿਆ ਅਸੀਂ ਹੁਣ ਐਥੇ ਹੀ ਰਹਾਂਗੇ ਅਰ ਇਹ ਭੀ ਦਸਿਆ ਮਹਾਰਾਜ ਜੀ ਦਾ ਹੁਕਮ ਹੈ ਜਿਕਰ ਨਹੀਂ ਕਰਨਾ ਅਜ ਮਹਾਰਾਜ ਜੀ ਦੀ ਤਿਆਰੀ ਹੈ ਜੋ ਜ਼ਿਕਰ ਕਰੂਗਾ ਆਪਣਾ ਕੀਤਾ ਪਾਊਗਾ। ਸੁਚਾ ਸਿੰਘ ਮੁਲਾਂ ਪੁਰੀਆਂ ਭਾਈ ਕਾ ਬਾਘ ਸਿੰਘ, ਉਨ ਕੋ ਭੀ ਖ਼ਬਰ ਹੋਈ ਮਹਾਰਾਜ ਜੀ ਦੀ ਬੈਕੁੰਠ ਗਮਨ ਦੀ ਤਿਆਰੀ ਹੈ। ਏਹਨਾਂ ਨੇ ਭੀ ਬਾਬਾ ਸਰੂਪ ਸਿੰਘ ਜੀ ਪਾਸ ਕਹਿਆ ਸਾਨੂੰ ਵੀ ਉਸ ਵਕਤ ਦਰਸ਼ਨ ਦੇਣ... ਬਾਬਾ ਸਰੂਪ ਸਿੰਘ ਜੀ ਉੱਤੇ ਗਏ ਤਬ ਬਾਬਾ ਸਾਹਿਬ ਜੀ ਨੇ ਫੁਰਮਾਇਆ ਉਸ ਵਕਤ ਉਨਾਂ ਨੂੰ ਭੀ ਬੁਲਾ ਲੈਣਾ।

ਬਾਬਾ ਸਰੂਪ ਸਿੰਘ ਜੀ ਨੇ ਬੜੇ ਪ੍ਰੇਮ ਨਾਲ ਦੋਨੋਂ ਚੁਬਾਰਿਆਂ ਮੈਂ ਪਾਂਡੂ ਦਾ ਸਮੇਤ ਕੰਧਾਂ ਤੇ ਪੋਚਾ ਦਿੱਤਾ ਜਬ ਦਿਨ ਦੇ ਬਾਰਾਂ ਬਜੇ ਉਸ ਵਕਤ ਫੁਰਮਾਇਆ ਸੁਖਾ ਸਿੰਘ ਕੋ ਬੁਲਾਉ ਜਬ ਸੁਖਾ ਸਿੰਘ ਚਰਨਾ ਪਰ ਮੱਥਾ ਟੇਕਿਆ, ਬਾਬਾ ਸਾਹਿਬ ਜੀ ਨੇ ਫੁਰਮਾਇਆ ਸੁਖਾ ਸਿੰਘ ਚੰਬਾ ਘੋੜਾ ਤਿਆਰ ਕਰੋ ਚਾਰ ਜਾਮਾ ਕਸਕੇ, ਅਜ ਗੁਰੂ ਸਿੰਘ ਜੀ ਦੀ ਤਿਆਰੀ ਹੈ।...

ਸੁਖਾ ਸਿੰਘ ਦੇ ਮਨ ਮੈਂ ਫੁਰੀ ਮਹਾਰਾਜ ਕਹਿ ਕੇ ਭੁੱਲ ਜਾਂਦੇ ਹਨ, ਦੋ ਬਾਰ ਮੈਨੂੰ ਹੁਕਮ ਦਿਤਾ ਫਿਰ ਕੁਝ ਨਹੀਂ ਫੁਰਮਾਤੇ ਭੁਲ ਜਾਂਦੇ ਹਨ, ਆ ਕੇ ਚਾਰ ਜਾਮਾ ਲਾਹ ਦਿਤਾ... ਇਹ ਸੁਣ ਕੇ ਬਾਬਾ ਸਾਹਿਬ ਫੁਰਮਾਇਆ, ਕਹਿੰਦਾ ਹੈ ਲਾਹ ਦਿੱਤਾ, ਮਨ ਮੇਂ ਕਹਿੰਦਾ ਹੈ ਭੁਲ ਜਾਂਦੇ ਹਨ, ਸੁਖਾ ਸਿੰਘ ਚਰਨੋਂ ਮੈਂ ਡਿੱਗ ਪਿਆ ਮਹਾਰਾਜ ਜੀ ਬਖਸ ਲਵੋ, ਭੁੱਲ ਗਿਆ। ਬੇਨਤੀ ਸੁਣ ਕੇ ਮਹਾਰਾਜ ਜੀ ਖੁਸ਼ ਹੋਏ ਫੁਰਮਾਇਆ ਚੰਬਾ ਘੋੜਾ ਤਿਆਰ ਕਰੋ, ਸੁਖਾ ਸਿੰਘ ਸਤ ਬਚਨ ਕੀਤਾ ਉਸ ਵਕਤ ਚਾਰ ਘੜੀ ਦਿਨ ਰਹਿਆ।

ਸੇਵਕਾਂ ਨੂੰ ਉਤੇ ਬੁਲਾਇਆ ਖੁਸ਼ੀ ਕੀਤੀ:

ਬਾਬਾ ਸਰੂਪ ਸਿੰਘ ਜੀ ਨੂੰ ਹੁਕਮ ਹੋਇਆ ਰਣ ਸਿੰਘ, ਸੁੱਖਾ ਸਿੰਘ, ਸੁਚਾ ਸਿੰਘ, ਅਟੱਲ ਸਿੰਘ, ਰਤਨ ਸਿੰਘ ਕੇਸਰਾ ਸਿੰਘ, ਬਾਘ ਸਿੰਘ, ਪ੍ਰੋਹਤ ਅਤੇ ਭਾਈ ਕਾ ਬਾਘ ਸਿੰਘ ਮਾਈ ਸੇਵਾਂ ਇਨ ਸਭ ਨੂੰ ਉਤੇ ਬੁਲਾ ਲੈ ਆਉ ਸਭ ਮਹਾਰਾਜ ਜੀ ਦੇ ਚਰਨਾਂ ਮੈਂ ਹਾਜ਼ਰ ਹੋਏ ਸਭ ਨੇ ਚਰਨਾਂ ਮੈਂ ਮੱਥਾ ਟੇਕਿਆ ਬਾਬਾ ਜੀ ਪਲੰਘ ਪਰ ਪਿਛੇ ਸਰਾਣਾ ਲਾਈ ਬੈਠੇ ਸੇ...ਬਾਬਾ ਸਾਹਿਬ ਫੁਰਮਾਇਆ ਤੁਸੀਂ ਸਾਡੀ ਸੇਵਾ ਕਰਦੇ ਰਹੇ ਹੋ, ਅਸੀਂ ਥੋੜੇ ਪਰ ਬੜੇ ਪ੍ਰਸੰਨ ਹਾਂ.. ਸਭ ਨੇ ਹੱਥ ਜੋੜ ਕੇ ਬੇਨਤੀ ਕੀਤੀ ਆਪ ਬਖਸ਼ ਹੀ ਬਖਸ਼ ਹੈ। ਪਿਛੇ ਖੜੇ ਬਾਬਾ ਸਰੂਪ ਸਿੰਘ ਜੀ ਸਾਫਾ ਕਰ ਰਹੇ ਸੇ ਇਹ ਸਭਨਾਂ ਦੀ ਬੇਨਤੀ ਸੁਣ ਕੇ ਬਾਬਾ ਸਾਹਿਬ ਫੁਰਮਾਇਆ "ਗੁਰੂ ਸਿੰਘ" ਜੀ ਨੇ ਥੋੜੀ ਜਾਨ ਬਖਸ਼ੀ ਕੀਤੀ, ਮੁਕਤ ਕਰ ਦਿਤੀ ਹੈ ਅਰ ਬਾਘ ਸਿੰਘ ਨੂੰ ਕਹਿਆ ਤੂੰ ਸਾਡੀ ਬਹੁਤ ਸੇਵਾ ਕੀਤੀ ਹੈ ਅਸੀਂ ਖੁਸ਼ ਹਾਂ ਤੈਨੂੰ ਆਪਣੇ ਪਾਸ ਰਖਾਂਗੇ।

ਬਾਬਾ ਸਰੂਪ ਸਿੰਘ ਜੀ ਪਰ ਖੁਸ਼ੀ, ਡੇਰੇ ਦਾ ਪ੍ਰਤਾਪ:

ਅੱਜ ਸੇ ਕੋਈ ਨੌਬਤ ਨਾ ਬਜਾਵੈ ਜੋ ਬਜਾਵੇ ਆਪਣਾ ਕੀਤਾ ਪਾਵੇਗਾ। ਅਰ ਜੋ ਇਸ ਜਗਾ ਦੀ ਨਿੰਦਾ ਕਰੂਗਾ ਉਸਦਾ ਨਮੂਦ ਨਹੀਂ ਰਹੇਗਾ। ਰੋਹੀ ਨਹੀਂ ਰਹੂਗੀ ਇਸਦੇ ਦੁਆਲੇ ਸ਼ਹਿਰ ਵਸੂਗਾ।

ਇਕ ਦਫਾ ਖਾਲਸੇ ਦੀ ਬੜੀ ਮਲੀਨ ਬੁਧ ਹੋ ਜਾਵੇਗੀ ਅਰ ਗੁਰੂ ਸਿੰਘ ਜੀ ਖਾਲਸੇ ਪਰ ਬਹੁਤ ਨਰਾਜ਼ ਹੋਣਗੇ। ਕੁਛ ਚਿਰ ਇਨ੍ਹਾਂ ਨੂੰ ਕਸ਼ਟ ਦਿਖਾ ਕੇ ਫਿਰ ਆਪਦਾ ਪੁਤਰ ਜਾਣ ਕੇ ਬਖ਼ਸ਼ਣਗੇ, ਖੁਸ਼ ਹੋਣਗੇ, ਫਿਰ ਖਾਲਸੇ ਦਾ ਬੜਾ ਭਾਰੀ ਪ੍ਰਤਾਪ ਹੋਊਗਾ।

ਸੁਖਾ ਸਿੰਘ ਪਰ ਖੁਸ਼ੀ:

ਸੁਖਾ ਸਿੰਘ ਨੂੰ ਕਹਿਆ ਤੂੰ ਤੜਕੇ ਹੀ ਚਲੇ ਜਾਣਾ ਭਾਈ ਸੰਤ ਸਿੰਘ ਜੀ ਜੋ ਗੋਤੇ ਪਿੰਡ ਮੇਂ ਰਹਿੰਦੇ ਹਨ ਉਹਨਾਂ ਨੂੰ ਕਹਿਣਾ ਸਾਡੇ ਵਾਸਤੇ ਪਾਠ ਕਰਨ ਦਾ ਉਨ੍ਹਾਂ ਨੂੰ ਹੁਕਮ ਹੈ। ਹੋਰ ਸਾਡੇ ਵਾਸਤੇ ਕੁਛ ਨਹੀਂ ਕਰਨਾ...ਜਦ ਸਰੀਰ ਅੰਤ ਹੋ ਜਾਵੇ ਇਹਨਾਂ ਚੁਬਾਰਿਆਂ ਨੂੰ ਢਾਹ ਕੇ ਇਹਨਾਂ ਲੱਕੜਾਂ ਨਾਲ ਸਾਡਾ ਸਸਕਾਰ ਕਰਨਾ। ਭਸਮ ਗਡ ਦੇਣੀ ਜੇ ਮਰਜ਼ੀ ਹੋਵੇ ਸਤਲੁਜ ਪਰ ਲੈ ਜਾਣੀ, ਪੰਜ ਕਦਮ ਉਰੇ ਰਖਕੇ ਅਰਦਾਸ ਕਰਨੀ ਅਰ ਕਹਿਣਾ ਗੁਰੂ ਸਿੰਘ ਜੀ ਦੇ ਅੰਗੀਠੇ ਦੀ ਭਸਮ ਹੈ ਤੇਰੀ ਮਰਜ਼ੀ ਹੈ ਲੈ ਜਾ। ਸਰੀਰ ਤਿਆਗਿਆ

ਫਿਰ ਬਾਬਾ ਸਾਹਿਬ ਜੀ ਖੜ੍ਹੇ ਹੋ ਕੇ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ ਪੰਜ ਵਾਰ ਬੁਲਾਈ ਫਿਰ ਪਲੰਘ ਪਰ ਢੋ ਲਾ ਕੇ ਬੈਠ ਗਏ ਮੁਖ ਨੇਤਰ ਬੰਦ ਕਰ ਲਏ। ਦਸਮੇਂ ਦੁਆਰ ਥਾਣੀ ਸੁਆਸ ਨਿਕਾਲੇ ਜੇਠ ਸੁਦੀ ਪੰਜ 1869 ਦਿਨ ਛਿਪੇ ਨਾਲ ਸਰੀਰ ਛੱਡਿਆ ਪਲੰਘ ਉਤਲੇ ਚੁਬਾਰੇ ਵਿਚ ਕਰ ਦਿੱਤਾ। ਹੇਠਲਾ ਕੁੰਡਾ ਅੜਾ ਦਿੱਤਾ ਛੇਤੀ ਦੇ ਕੇ ਕਹੀਆਂ ਲੈ ਕੇ ਚੁਬਾਰਾ ਢਾਹ ਦਿੱਤਾ ਅਰ ਮਹਾਰਾਜ ਜੀ ਦਾ ਛੇਤੀ ਨਾਲ ਇਸ਼ਨਾਨ ਕਰਾਇਆ ਨਵਾਂ ਪੁਸ਼ਾਕਾ ਪਹਿਨਾਇਆ ਜਿਤਨੇ ਬਾਲੇ ਸਤੀਰ ਸੇ ਸਭ ਦਾ ਸਿੰਘਾਸਨ ਕਰਕੇ ਮਹਾਰਾਜ ਦਾ ਸਰੀਰ ਬਿਰਾਜਮਾਨ ਕਰਕੇ ਬਸੰਤਰ ਦਿੱਤਾ। ਜਦ ਸਰੀਰ ਸਸਕਾਰਿਆ ਗਿਆ ਹੇਠ ਕੁਈ ਪਰ ਆ ਕੇ ਇਸ਼ਨਾਨ ਕੀਤਾ ਚੰਬਾ ਘੋੜਾ ਮਰਿਆ ਪਇਆ ਦੇਖਿਆ ਉਤੇ ਦੁਸਾਲਾ ਪਾਇਆ, ਗਰਦਨ ਤੇ ਪੂਛ ਦੇ ਬਾਲ ਫੂਕ ਕੇ ਉਥੇ ਹੀ ਟੋਆ ਪਟ ਕੇ ਦਬਾ ਦਿੱਤਾ।

ਅੰਗੀਠਾ ਬੁਝਾਇਆ ਭਸਮ ਸਤਲੁਜ ਪਰ: ਰਾਜਾ ਸਾਹਿਬ ਨੇ ਇਕ ਬਨਾਰਸੀ ਦੁਪੱਟਾ ਭੇਜਿਆ, ਮਹਾਰਾਜ ਜੀ ਦੀ ਭਸਮ ਨਾਲ ਹੀ ਲੈ ਗਏ। ਬਾਬਾ ਸਰੂਪ ਸਿੰਘ, ਕੇਸਰ ਸਿੰਘ ਪੱਖੋ ਕਾ, ਬਾਘ ਸਿੰਘ ਰੂਪੇ ਕਾ ਤੀਨੋ ਬਾਰੋ ਬਟੀ ਭਸਮ ਚੁਕਦੇ ਗਏ... ਉਪਰ ਬਨਾਰਸੀ ਦੁਪੱਟਾ ਇਕ ਮਹਾਰਾਜ ਜੀ ਦੀ ਸੋਟੀ ਰਖ ਕੇ ਮੱਥਾ ਟੇਕਿਆ। ਟੇਕਣ ਸਾਰ ਸਤਲੁਜ ਦਾ ਜਲ ਚੜ੍ਹ ਗਿਆ। ਖਬਰ ਨਹੀਂ ਭਸਮ ਕਿਥੇ ਨੂੰ ਗਈ। ਸਭ ਕਾਰਜ ਕਰਕੇ ਸਤਵੇਂ ਦਿਨ ਨਾਭੇ ਆ ਗਏ। ਆਕੇ ਸਭ ਨੂੰ ਪ੍ਰਸੰਗ ਸੁਣਾਇਆ ਸੁਣ ਕੇ ਬੜੇ ਪ੍ਰਸੰਨ ਹੋਏ। ਮਹਾਰਾਜ ਦੇ ਗੁਣ ਗਾਏ

ਉਪਰੋਕਤ ਲਿਖਤ ਅੱਜ ਵੀ ਭਾਈ ਕਾਹਨ ਸਿੰਘ ਨਾਭਾ ਜੀ ਦੇ ਖਾਨਦਾਨ ਕੋਲ ਸੰਭਾਲੀ ਪਈ ਹੈ। ਉਸ ਵਿਚ ਦਸਮ ਗੁਰੂ ਜੀ ਨੂੰ ਬਾਬਾ ਜੀ, ਗੁਰੂ ਸਿੰਘ ਅਤੇ ਮਹਾਰਾਜ ਤੇ ਸਤਿਗੁਰੂ ਕਲਗੀਆਂ ਵਾਲਾ ਸ਼ਬਦਾਂ ਨਾਲ ਸੰਬੋਧਤ ਕੀਤਾ ਹੈ। ਦਸਮ ਗੁਰੂ ਜੀ ਨਾਭੇ ਵਿਖੇ ਗੁਪਤ ਤੌਰ 'ਤੇ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਜੇਠ ਸੁਦੀ ਪੰਜ 1869 ਬਿਕਰਮੀ 14 ਜੂਨ 1812 ਈਸਵੀ ਨੂੰ ਸਮਾ ਗਏ।

# ਸਤਿਗੁਰੂ ਹਰੀ ਸਿੰਘ ਜੀ ਜੋਤੀ-ਜੋਤ ਸਮਾਏ
## ਪ੍ਰਲੋਕ ਗਵਨ ਦਿਵਸ ਤੇ ਵਿਸ਼ੇਸ਼

ਸਤਿਗੁਰੂ ਬਿਲਾਸ
ਭਾਈ ਸੰਤੋਖ ਸਿੰਘ ਜੀ ਬਾਹੋਵਾਲ

ਮਾਨਾਂਵਾਲੇ ਦਾ ਹੋਲਾ

ਸੰਮਤ 1962 (1906 ਈ:) ਕਾ ਹੋਲਾ ਸੀ। ਮਾਨਾਂਵਾਲੇ ਦਾ ਸਰਦਾਰ ਸੁੰਦਰ ਸਿੰਘ ਅਰਜ ਕਰਕੇ ਲੈਣ ਆਇਆ। ਗੁਰੂ ਜੀ ਬਚਨ ਕੀਤਾ ਸਾਹਿਬਜ਼ਾਦੇ ਪਰਤਾਪ ਸਿੰਘ ਨੂੰ, ਹੁਣ ਤੁਸੀਂ ਕਰੋ ਦੌਰੇ, ਅਸੀਂ ਕਰ ਚੁੱਕੇ ਹਾਂ। ਤਿੰਨੇ ਸਾਹਿਬਜ਼ਾਦੇ ਨਾਲ ਮਾਈ ਜੀਊਣ ਕੌਰ ਮਾਨਾਂਵਾਲੇ ਹੋਲੇ ਤੇ ਗਏ। ਸੁਖ ਸ਼ਾਂਤ ਨਾਲ ਮੁੜ ਆਏ। ਸਿੰਘ ਆਉਣ ਨਾ ਦੇਣ, ਬੜਾ ਪ੍ਰੇਮ ਕਰਨ। ਅਗੇ 63 ਸੰਮਤ ਲਗਾ।

ਅਸੀਂ ਚੜਾਈ ਕਰ ਜਾਣੀ ਹੈ:

ਜੇਕਰ ਸਿੰਘਾਂ ਨੇ ਪੁਛਣਾ ਜੀ ਫਲਾਨਾ ਸਿੰਘ ਟੈਹਲਾ ਨਹੀਂ ਕਰਦਾ, ਗੁਰੂ ਜੀ ਬਚਨ ਕਰਨਾ ਸਾਡੇ ਵੰਨੀਓਂ ਕੋਈ ਕਰੇ ਕੋਈ ਨਾ ਕਰੇ ਪਰ ਏਸ ਵੇਲੇ ਨੂੰ ਪਛਤਾਵੋਗੇ। ਟੈਹਲਾ ਹੱਥ ਨਹੀਂ ਆਵੇਗਾ। ਮਾਈ ਭਾਗਣ ਨੂੰ ਬਚਨ ਕੀਤਾ ਅਸੀਂ ਚੜ੍ਹਾਈ ਕਰ ਜਾਣੀ ਹੈ, ਤੂੰ ਸੰਸਾ ਨਾ ਕਰੀਂ। ਹੁਕਮ ਪ੍ਰਮੇਸ਼ਰ ਜੀ ਕਾ ਏਵੇਂ ਹੀ ਹੈ।

ਕਾਹਨ ਸਿੰਘ ਨੇ ਕਹਿਆ ਜੀ ਤੁਸੀਂ ਤਾਂ ਕਹਿੰਦੇ ਸੋ ਭਾਰੀ ਮੇਲਾ ਹੋਊਗਾ, ਸੋ ਕਦ ਹੋਣਾ ਹੈ। ਬਚਨ ਹੋਇਆ ਜਿਸ ਦਿਨ ਸਤਿਗੁਰੂ ਜੀ ਦਰਸ਼ਨ ਦੇਣਗੇ ਓਸ ਦਿਨ ਬਡਾ ਮੇਲਾ ਹੋਊਗਾ।

1963 ਕੇ ਵਸਾਖ ਕੀ ਪੂਰਨਮਾਸ਼ੀ ਕੋ ਗੁਰੂ ਹਰੀ ਸਿੰਘ ਜੀ ਕੀ ਵੱਖੀ ਦਰਦ ਹੋਈ। ਤਿੰਨ ਦਿਨ ਦਰਦ ਰਹੀ। ਵੈਦ ਭੀ ਮੰਗਵਾਇਆ, ਕਈ ਦੁਆਈਆਂ ਦਿਤੀਆਂ। ਰਾਜੀ ਨਾ ਹੋਏ ਤਾਂ ਫੇਰ ਅਖੰਡ ਪਾਠ ਤੋਰਿਆ। ਚੌਥੇ ਦਿਨ ਵੱਖੀ ਕੀ ਦਰਦ ਰਾਜੀ ਹੋਈ। ਪਾਠ ਅਖੰਡ ਕਰਕੇ ਹਟ ਗਏ ਫੇਰ ਤਾਪ ਹੋਇਆ। ਅਗਲੇ ਦਿਨ ਤਾਪ ਤੇ ਹਿਝਕੀ ਲਗੀ। ਸਰੀਰ ਨਤਾਕਤ ਹੋਨੇ ਸੇ ਸਾਰਾ ਟੱਬਰ ਡੋਲ ਖਲੋਤਾ ਕਿ ਕੀ ਸਾਂਗ ਵਰਤਾਂਵਦੇ ਹੈਂ। ਦੋ ਦਿਨ ਵਰਨੀ ਹੁੰਦੀ ਰਹੀ। ਵਿਚੇ ਰਾਤ ਕੋ ਦਸਤ ਸ਼ੁਰੂ ਹੋਏ । ਪੌਣੇ ਘੰਟੇ ਜਾਂ ਅੱਧੇ ਘੰਟੇ ਪਿਛੋਂ ਦਸਤ ਆਉਣੇ ਲਗੇ। ਸਰੀਰ ਕੀ ਤਾਸੀਰ ਹੋਰ ਹੋਈ। ਫੇਰ ਗੁਰੂ ਜੀ ਬਚਨ ਕੀਤਾ ਕਿ ਸਾਨੂੰ ਪੰਜਾਹ ਸਾਲ ਤਾਪ ਨਹੀਂ ਹੋਇਆ ਹੁਣ ਹੋਇਆ ਹੈ।

ਅਸੀਂ ਥੋੜੇ ਦਿਨ ਹੈਂ

ਫੇਰ ਇਕ ਦਿਨ ਬਚਨ ਕੀਤਾ ਜੀਊਣ ਕੌਰੇ ਗੁਰਦੇਈ ਫੁਲਕੇ ਜੇਹੇ ਬਣਾਇ ਲਿਆਂਵਦੀ ਹੈ, ਤੂੰ ਮੋਟਾ ਜੇਹਾ ਪ੍ਰਸ਼ਾਦਾ ਬਣਾਇ ਲਿਆਇਆ ਕਰ। ਦਸ ਦਿਨ ਛਕਣਾ ਹੈ ਅਸੀਂ ਕੇਹੜਾ ਰੋਜ ਛਕਣਾ ਹੈ।

ਗੁਲਾਬ ਸਿੰਘ ਨੂੰ ਬਚਨ ਕੀਤਾ ਅਸੀਂ ਕੋਈ ਦਿਨ ਹੈਂ। ਗੁਲਾਬ ਸਿੰਘ ਨੇ ਕਹਿਆ ਮੈਂ ਨਹੀਂ ਮੰਨਦਾ ਹਾਂ। ਅਜੇ ਗੋਹੜੇ ਵਿਚੋਂ ਪੂਣੀ ਨਹੀਂ ਕੱਤੀ ਹੈ। ਤੁਸੀਂ ਸਾਨੂੰ ਕਹਿੰਦੇ ਹੋ ਕਿ ਸਤਿਗੁਰੂ ਜੀ ਕੇ ਆਏ ਤੇ ਗਲ਼ ਮੈਂ ਪੱਲਾ ਪਾਇਕੇ ਹੱਥ ਜੋੜਕੇ ਅਗੇ ਖੜੋਇ ਜਾਵਾਂਗੇ। ਸੰਗਤ ਮੈਨੂੰ ਬਖਸ਼ਾਇਗੀ, ਮੈਂ ਸੰਗਤ ਨੂੰ ਬਖਸ਼ਾਇ ਲਵਾਂਗਾ। ਜੇਹੜੇ ਕੰਮ ਨੂੰ ਆਏ ਹੋ ਸੋ ਕੰਮ ਅਜੇ ਨਹੀਂ ਹੋਇਆ ਹੈ। ਪੂਰ ਭਰਕੇ ਜਹਾਜ ਹਾਲੇ ਵਿਚਾਲੇ ਲਈ ਖੜੋਤੇ ਹੋ। ਤੁਸੀਂ ਕਹਿੰਦੇ ਹੋ ਰਵਾਲਸਰ ਸੰਗਤਾਂ ਦੇ ਨਾਲ ਜਾਣ ਨੂੰ, ਸੋ ਵੇਲੇ ਅਜੇ ਆਉਣੇ ਹੈਂ ਤੇ ਤੁਸੀਂ ਅਜੇ ਹੁਣੇ ਕਹਿੰਦੇ ਹੋ ਅਸੀਂ ਚੜ੍ਹਾਈ ਕਰਦੇ ਹੈਂ। ਸੰਗਤ ਨੂੰ ਪੱਤਣ ਤਾਂ ਲਾਵੋ।

ਸਰੀਰ ਸੀਤਲ ਹੋਇਆ

ਗੁਰੂ ਜੀ ਬਚਨ ਕੀਤਾ ਕਿ ਮੈਨੂੰ ਕੋਈ ਦੁਆਈ ਨਾ ਦਿਓ। ਸਿੰਘਾਂ ਨੇ ਰਲਕੇ ਅਖੰਡ ਪਾਠ ਤੋਰਿਆ। ਰਾਤ ਕੋ ਬਚਨ ਕੀਤਾ ਸੀ ਜੋ ਅਸੀਂ ਚੜ ਜਾਵਾਂਗੇ ਸੱਤ ਦਿਨ ਕੋ ਤਾਂ ਅਖੰਡ ਪਾਠ ਗੁਰੂ ਮਹਾਰਾਜ ਜੀ ਕੇ ਨਮਿਤ ਧਰੇ ਸੇ। ਜਾਂ ਪੰਜਵਾਂ ਪਾਠ ਧਰਿਆ ਦਸ ਵਜੇ ਗੁਰੂ ਜੀ ਨੇ ਕਹਿਆ ਅਸੀਂ ਚੜਾਈ ਕਰ ਜਾਂਵਾਗੇ। ਸੁਣਕੇ ਸਭ ਸੋਕਮਾਨ ਹੋਏ। ਕਹਿਣ ਗੁਰੂ ਜੀ ਕੀ ਬਚਨ ਕਰਦੇ ਹੈਂ ਤੇ ਕੀ ਸਾਂਗ ਬਰਤਾਵਣ ਲਗੇ ਹੈਂ। ਸਰਬ ਖਾਲਸਾ ਕਹਿੰਦਾ ਹੈ ਕਿ ਸਾਨੂੰ ਤਾਂ ਕਹਿੰਦੇ ਸੀ ਕਿ ਰੁਆਲਸਰ ਕੋ ਜਾਵਾਂਗੇ, ਹੁਣ ਕੀ ਸਾਂਗ ਬਰਤਾਵਣ ਲਗੇ ਹੈਂ। ਏਹ ਸੋਚਾਂ ਕਰਦੇ ਕਰਾਉਂਦੇ ਗੁਰੂ ਜੀ ਕੇ ਅੰਤ ਕੇ ਸਵਾਸ ਆਉਣੇ ਲਗੇ। ਲਿਖਾਰੀ ਭੀ ਕੋਲ ਖੜਾ ਸੀ। ਹੋਰ ਸਾਰਾ ਪ੍ਰਵਾਰ ਹਾਜਰ ਖੜਾ ਹੈ। ਏਨੇ ਮੈਂ ਗੁਲਾਬ ਸਿੰਘ ਨੇ ਆਇ ਕੇ ਅਰਦਾਸਾ ਕੀਤਾ ਤੇ ਕਹਿਆ ਹੈ ਅਕਾਲ ਪੁਰਖ ਗਊ ਕੇ ਗਲੋਂ ਰੱਸਾ ਲਾਹੋ। ਹੇ ਅਕਾਲ ਪੁਰਖ ਜੀ ਰੱਛਿਆ ਕਰੋ। ਪਾਂਚ ਛੇ ਸੁਆਸ ਆਏ, ਸੁਆਸ ਲੈਂਦੇ ਲੈਂਦੇ ਸੁਆਸ ਬਾਹਰ ਹੀ ਰਹਿਆ।

ਵੈਦ ਨੇ ਨਬਜ ਦੇਖੀ ਤਾਂ ਕਹਿਆ ਧਰਨ ਕੋਲੋਂ ਨਬਜ ਛੱਡ ਖੜੀ ਹੋਈ ਹੈ, ਓਹੀ ਸੁਆਸ ਅੰਤ ਕਾ ਬਾਹਰ ਹੀ ਰਹਿਆ। ਸਰੀਰ ਸੀਤਲ ਹੋਇਆ। ਸਭ ਸਰੀਰ ਸ਼ੋਕਮਾਨ ਹੋਏ। 1963 ਬਿਕਰਮੀਂ ਜੇਠ ਵਦੀ ਦਸਵੀਂ ਵੀਰਵਾਰ ਪਾਂਚ ਬਜੇ ਪਾਂਚ ਮਿੰਟ ਉੱਪਰ ਪਰਾਣ ਪੂਰੇ ਹੋਏ।

ਉਸੀ ਦਿਨ ਖਬਰ ਕੀਤੀ ਸਾਰੇ ਦੇਸਾਂ ਮੈ ਕਿ ਸਤਿਗੁਰੂ ਹਰੀ ਸਿੰਘ ਜੀ ਜੋਤੀ ਜੋਤ ਸਮਾਏ ਹੈਂ ਅਰ ਨਿਮਾਣੀ ਕੇ ਦਿਨ ਕਾ ਮੇਲਾ ਰਚਿਆ ਹੈ, ਸਰਬ ਖਾਲਸਾ ਦਰਸ਼ਨ ਦਿਓ ਜੋ ਸੁਣੇ ਸੁਣਦੇ ਸਾਰ ਪਹਿਲੇ ਤਾਂ ਨਾ ਮੰਨਿਆ ਕਿ ਗੁਰੂ ਜੀ ਚੜੇ ਹੈਂ, ਜਾਂ ਚਿੱਠੀਆਂ ਗਈਆਂ ਤਾਂ ਸੁਣਕੇ ਬਿਰਤੀਆਂ ਸਿੰਘਾਂ ਕੀਆਂ ਅਸਤ ਬਿਅਸਤ ਹੋਈਆਂ। ਸੋਚਾਂ ਅਰ ਫਿਕਰ ਬਥੇਰੇ ਕਰਦੇ ਹੈਂ। ਕਿਸੇ ਕੀ ਪੇਸ਼ ਕੋਈ ਨਹੀਂ ਜਾਂਦੀ। ਜੈਸੇ ਚੰਦ ਥੀਂ ਬਿਨਾ ਚਕੋਰ ਹੁੰਦਾ ਹੈ, ਜੈਸੇ ਸਰਪ ਕੀ ਮਨੀ ਗੁਆਚ ਜਾਂਦੀ ਹੈ ਤੇ ਬਿਆਕੁਲ ਹੁੰਦਾ ਹੈ, ਕਹਿੰਦੇ ਹੈਂ ਸ੍ਰੀ ਸਤਿਗੁਰੂ ਜੀ (ਸਤਿਗੁਰੂ ਰਾਮ ਸਿੰਘ ਜੀ) ਪ੍ਰਦੇਸ ਗਏ ਹੈਂ ਤੇ ਗੁਰੂ ਜੀ ਭੀ ਸਿੰਘਾਂ ਦੇ ਹੱਥੋਂ ਦੇਖਦੇ ਦੇਖਦੇ ਤੁਰ ਗਏ। ਏਸ ਮੂਰਤੀ ਕੇ ਆਸਰੇ ਸੰਗਤ ਸੀ ਸੋ ਏਹ ਭੀ ਵਿਚੋਂ ਚਲੇ ਗਏ ਹੈਂ। ਹੁਣ ਸੰਗਤ ਕੋ ਸਮੁੰਦ ਕੇ ਵਿਚਾਲੇ ਛੱਡ ਕੇ ਚਲੇ ਗਏ ਹੈਂ।

ਅਗਲੀ ਸਵੇਰ ਆਸਾ ਕੀ ਵਾਰ ਕੇ ਸਮੇਂ ਹੀਰਾ ਸਿੰਘ, ਬੀਰ ਸਿੰਘ ਚੁੰਨੀ ਆਸਣ ਬਿਛਾ ਸਾਹਿਬਜ਼ਾਦੇ ਪ੍ਰਤਾਪ ਸਿੰਘ ਕੋ ਮੱਥਾ ਟੇਕਿਆ। ਫੇਰ ਸਾਰੀ ਸੰਗਤ ਨੇ ਮੱਥਾ ਟੇਕਿਆ। ਰਾਮਦਾਸ ਪੁਰੇ ਮੈਂ ਮਾਨੋਂ ਸੁੰਨ ਜੇਹੀ ਹੋਇ ਗਈ। ਜੇੜੇ ਸਿੰਘ ਅਖੰਡ ਪਾਠ ਕਰਦੇ ਸੇ ਤਿਨਾ ਸੇ ਮਸਾਂ ਅਖੰਡ ਪਾਠ ਕਾ ਭੋਗ ਪਇਆ। ਪਾਠ ਭੀ ਨਾ ਤੁਰੇ ਵੈਰਾਗ ਮੈ। ਚਿੰਤਾ ਅਰ ਫਿਕਰ ਬਹੁਤ ਕੀਤਾ ਪਰ ਕਿਸੇ ਕੇ ਕੁਝ ਅਖਤਿਆਰ ਨਹੀਂ ਕਿ ਸਤਿਗੁਰੂ ਜੀ ਕੋ ਮੋੜ ਲਈਏ। ਕਹਿੰਦੇ ਹੈ ਕਿ ਸਤਿਗੁਰੂ ਜੀ ਬੜੀ ਸ਼ਤਾਬੀ ਕੀਤੀ ਹੈ, ਵੈਰਾਗ ਭੀ ਬਹੁਤ ਕੀਤਾ। ਜੋ ਭਭੂਤ ਸੀ ਸੋ ਗਾਗਰ ਮੈਂ ਪਾਈ। ਕੜਾਹ ਪ੍ਰਸ਼ਾਦ ਬਰਤਾਇਆ।

ਗੱਦੀ ਪਰਤਾਪ ਸਿੰਘ ਕੀ ਹੈ:

ਜਿਲਾ ਸਾਹਿਬ ਅਰੋੜਾ ਸੀ ਰਾਮਦਾਸ ਪੁਰੇ ਸਾਹਿਬ ਆਇਆ। ਔਂਦਾ ਹੀ ਕਹਿਣ ਲਗਾ ਬਾਬਾ ਸਾਹਿਬ ਕੇ ਗੁਜ਼ਰ ਜਾਣੇ ਕਾ ਹਮਨੇ ਬੜਾ ਅਫਸੋਸ ਕੀਆ ਹੈ। ਪੁੱਛਣ ਲੱਗਾ ਤੁਮ ਗੱਦੀ ਕਿਸ ਕੋ ਦੇਣੀ ਚੌਂਹਦੇ ਹੋ। ਨਰੈਣ ਸਿੰਘ ਮਹੰਤ ਨੇ ਕਹਿਆ ਸਤਿਗੁਰੂ ਜੀ, ਪਰਤਾਪ ਸਿੰਘ ਸਾਹਿਬਜ਼ਾਦੇ ਕੋ ਕਹਿ ਗਏ ਹਨ। ਸੰਗਤ ਨੇ ਭੀ ਏਨਾਂ ਕੋ ਦਈ ਹੈ ਗੱਦੀ। ਬਸੰਤ ਸਿੰਘ ਖੜਾ ਥਾ, ਪੁਛਿਆ ਤੁਮ ਇਨਕੋ ਗੱਦੀ ਦੇਣ ਮੇਂ ਰਾਜੀ ਹੋ। ਕਹਾ ਜੀ ਮੈਂ ਰਾਜੀ ਹਾਂ। ਸੂਰਤ ਸਿੰਘ ਭੀ ਕੋਲ ਹੀ ਖੜਾ ਸੀ ਤਿਸਨੇ ਭੀ ਕਹਿਆ ਕਿ ਰਾਜੀ ਹੈਂ। ਹਰਨਾਮ ਸਿੰਘ ਕਾ ਨਾਮ ਪੁੱਛਿਆ ਅਰ ਲਿਖਿਆ ਕਿ ਸਭ ਰਾਜੀ ਹਨ। ਫੇਰ ਸਿੰਘਾਂ ਤੇ ਪੁੱਛਿਆ ਅਰ ਲਿਖਿਆ ਕਿ ਸਭ ਰਾਜੀ ਹਨ ਗੱਦੀ ਦੇਣੇ ਮੈ।

<u>ਅਗਾਊਂ ਬਚਨ:</u>

ਚੜਾਈ ਥੀਂ ਅਗਾਊਂ ਖੇਮ ਕੌਰ ਨੂੰ ਗੁਰੂ ਹਰੀ ਸਿੰਘ ਜੀ ਬਚਨ ਕੀਤਾ ਪਰਤਾਪ ਸਿੰਘ ਨੂੰ ਸਦ ਲੈ ਆਓ। ਜਾਂ ਸੱਦਣ ਗਈ ਤਾਂ ਪਰਤਾਪ ਸਿੰਘ ਜੀ ਆਉਂਦੇ ਹੈਂ, ਕਹਿਆ ਜੀ ਗੁਰੂ ਜੀ ਸੱਦਦੇ ਹੈਂ। ਆਇਕੇ ਮੱਥਾ ਟੇਕਿਆ, ਕਹਿਆ ਜੀ ਕੀ ਹੁਕਮ ਹੈ। ਗੁਰੂ ਜੀ ਬਚਨ ਕੀਤਾ ਹੁਣ ਤੂੰ ਸਾਂਭਿਆ ਕਰ ਅਰ ਕੰਮ ਕਰਨ ਵਾਲਿਆਂ ਕੋ ਤੂੰ ਹੀ ਕਹਿਆ ਕਰ। ਚੜਨ ਥੀਂ ਡੇਢ ਦੋ ਬਰਸ ਅਗਾਊਂ, ਨਿੰਮ ਹੇਠ ਬੈਠਕੇ ਭਜਨ ਕਰਨਾ ਨਾਲੇ ਜਨੌਰਾਂ ਨੂੰ ਦਾਨਾ ਪਾਉਣਾ। ਕਈ ਰੰਗ ਕੇ ਪੰਛੀ ਆਉਣੇ।

ਗਾਰਦ ਦੀ ਜਗ੍ਹਾ ਬਦਲੀ

ਪੁਲਿਸ ਕਾ ਫਰੰਗੀ ਆਇਆ। ਗਾਰਦ ਕੇ ਬਦਲਨੇ ਕੇ ਵਾਸਤੇ ਜਗਾ ਆਇਕੇ ਦੇਖੀ। ਹੁਕਮ ਦੇ ਗਿਆ ਕਿ ਬਦਲਾਇ ਦੇਵੋ। ਗਾਰਦ ਕੋ ਕਹਾ ਕਿ ਡਿਓਢੀ ਛੋਡ ਦਿਓ। ਗੁਰੂ ਜੀ ਕੋ ਸੱਤ ਦਿਨ ਹੋਏ ਗੁਜਰਿਆਂ ਤਾਂ ਗਾਰਦ ਬਦਲੀ

ਨਿਮਾਣੀ ਦਾ ਮੇਲਾ:

ਅਗੇ ਨਿਮਾਣੀ ਆਈ। ਪਾਂਚ ਸਰੀਰ ਲੁਧਿਆਣੇ ਗਏ। ਪੁੱਛਿਆ ਤੁਮਾਰੇ ਮੈਂ ਕੁਰਸੀ ਨਸ਼ੀਨ ਕੌਨ ਹੈ। ਏਕ ਨੇ ਕਹਿਆ ਏਹ ਸਾਰੇ ਹੀ ਕੁਰਸੀ ਨਸ਼ੀਨ ਹੈ। ਨਰੈਣ ਸਿੰਘ, ਸੇਵਾ ਸਿੰਘ, ਗੋਧਾ ਸਿੰਘ ਕੁਰਸੀਆਂ ਪਰ ਬੈਠੇ। ਅਤਰ ਸਿੰਘ ਹਜ਼ਾਰਾ ਸਿੰਘ ਕੋ ਫਰੰਗੀ ਕਹਿਆ ਤੁਮ ਪਾਚੋਂ ਕੀ ਜਮਾਨਤ ਲਈ ਜਾਵੇਗੀ ਜੇ ਕੁਝ ਹਰਜਾ ਹੋਇਆ। ਦੰਗਾ ਫਸਾਦ ਹੋਇਆ ਤਾਂ ਤੁਮਾਰੇ ਜੁੰਮੇ ਹੈ। ਜਮਾਨਤ ਲੈ ਕੇ ਤਾਂ ਹੁਕਮ ਦੀਆ ਕਿ ਜਾਓ ਲਾਓ ਮੇਲਾ ਕਰੋ। ਲੱਗਾ ਖਾਲਸਾ ਆਵਣ।

ਬਾਕੀ ਸਫ਼ਾ 13 ਤੇ............

# ਅੜਬੰਗੀ (ਨਾਵਲ)

ਸੰਤ ਇੰਦਰ ਸਿੰਘ ਚੱਕ੍ਰਵਰਤੀ

੭

ਅੱਜ ਦੀ ਰਾਤ ਮੈਨੂੰ ਬੜੀ ਮਿੱਠੀ ਤੇ ਸੋਹਣੀ ਨੀਂਦਰ ਪਈ। ਮੈਂ ਸਵੇਰੇ ਬ੍ਰੇਕਫਾਸਟ ਕਰ ਕੇ ਦਫਤਰ ਵਿਚ ਆ ਬੈਠਾ।

ਇਤਨੇ ਨੂੰ ਸਰਦਾਰ ਦਲੀਪ ਸਿੰਘ ਖੰਡਾ ਇੰਨਸਪੈਕਟਰ, ਸੱਜਣ ਦੀ ਰਿਹਾਈ ਦਾ ਹੁਕਮ ਲੈ ਕੇ ਆ ਗਿਆ। ਜਿਸ ਵਿਚ ਲਿਖਿਆ ਸੀ ਕਿ "ਸਾਹਿਬ ਸੁਪ੍ਰਡੈਂਟ ਬਹਾਦਰ ਨੇ ਡਾਕਾ-ਜ਼ਨੀ ਦੇ ਸ਼ੱਕ ਵਿੱਚ ਸੱਜਣ ਨੂੰ ਗ੍ਰਿਫ਼ਤਾਰ ਕੀਤਾ ਸੀ ਪਰ ਪੜਤਾਲ ਕਰਨ ਤੋਂ ਇਸ ਤੇ ਡਾਕੇ ਦਾ ਕੇਸ ਸਾਬਤ ਨਹੀਂ ਹੋ ਸਕਿਆ ਅਤੇ ਨਾ ਹੀ ਇਸ ਕੋਲੋਂ ਕੁਝ ਬਰਾਮਦ ਹੀ ਹੋਇਆ ਹੈ। ਇਸ ਲਈ ਇਸ ਨੂੰ ਬਰੀ ਕੀਤਾ ਜਾਂਦਾ ਹੈ।"

ਮੈਂ ਜਦ ਸੱਜਣ ਨੂੰ ਇਹ ਹੁਕਮ ਸੁਣਾਇਆ, ਉਹ ਨੱਸ ਕੇ ਅੜਬੰਗੀ ਦੇ ਪੈਰਾਂ ਤੇ ਜਾ ਡਿੱਗਾ ਅਤੇ ਆਖਣ ਲੱਗਾ- ਪਤਾ ਨਹੀਂ। ਰੱਬ ਨੇ ਮੈਨੂੰ ਬਚਾਉਣ ਲਈ ਹੀ ਤੁਹਾਨੂੰ ਇਥੇ ਜਿਹਲ ਵਿਚ ਭੇਜਿਆ ਸੀ, ਫਿਰ ਉਹ ਦੇਵੀ ਰਹਿਮਤ ਦੀ ਘਟਾ ਬਣਕੇ ਪਤਾ ਨਹੀਂ ਕਿੱਥੋਂ ਆ ਵੱਸੀ। ਆਂਹਦੇ ਨੇ ਰਾਮ ਨਾਲ ਰਾਵਣ ਨੇ ਦੁਸ਼ਮਣੀ ਦੈਂਤ ਜੂਨੀ ਵਿਚੋਂ ਛੁਟਣ ਦੇ ਲਈ ਹੀ ਕੀਤੀ ਸੀ। ਮਿਸ ਸੋਫੀਆ ਤੇ ਹਮਲਾ ਕੀਤਾ ਮੇਰਾ ਰਾਸ ਆ ਗਿਆ। ਤਦੇ ਤੇ ਆਂਹਦੇ ਨੇ ਸੰਤ ਰੇਖ ਵਿਚ ਮੇਖ ਜੜ ਦਿੰਦੇ ਹਨ। ਕਿੱਥੇ ਤੇ ਉਮਰ ਕੈਦ ਜਾਂ ਫਾਂਸੀ ਲਗਣਾ ਸੀ, ਕਿਥੇ ਬਾ- ਇਜ਼ਤ ਬਰੀ ਹੋ ਕੇ ਘਰ ਨੂੰ ਜਾ ਰਿਹਾ ਹਾਂ। ਆਪ ਜੀ ਦੀ ਇਸ ਥੋੜ੍ਹੀ ਜਿਹੀ ਸੰਗਤ ਨੇ ਮੈਨੂੰ ਜੀਅ ਦਾਨ ਦਿੱਤਾ ਹੈ। ਹੁਣ ਮੈਂ ਬਾਕੀ ਜ਼ਿੰਦਗੀ ਤੁਹਾਡੀ ਸੰਗਤ ਵਿਚ, ਤੁਹਾਡੇ ਪੰਥ ਵਿਚ ਬਤੀਤ ਕਰਨੀ ਚਾਹੁੰਦਾ ਹਾਂ, ਦੱਸੋ ਮੇਰੇ ਲਈ ਕੀ ਹੁਕਮ ਹੈ?

"ਪਿਛਲੇ ਗੁਨਾਹਾਂ ਦਾ ਪਸਚਾਤਾਪ ਕਰੋ, ਅਗੇ ਨੂੰ ਨੇਕ ਬਣੋ, ਜਾਓ ਸ੍ਰੀ ਭੈਣੀ ਸਾਹਿਬ ਜਾ ਕੇ ਸ੍ਰੀ ਗੁਰੂ ਹਰੀ ਸਿੰਘ ਜੀ ਅਤੇ ਮਾਤਾ ਜੀਵਨ ਕੌਰ ਦੇ ਦਰਸ਼ਨ ਕਰਕੇ, ਭਜਨ ਪੁੱਛ ਕੇ ਜਨਮ ਸਫਲਾ ਕਰੋ।

ਮੈਨੂੰ ਪਤਾ ਚੱਲਿਆ ਹੈ ਕਿ ਸੱਜਣ ਰਿਹਾ ਹੋ ਕੇ ਘਰ ਜਾਣ ਤੋਂ ਪਹਿਲਾਂ ਕੂਕਿਆਂ ਦੇ ਗੁਰੂ ਕੋਲ ਜਾ ਕੇ ਕੂਕਾ ਬਣਕੇ ਫਿਰ ਆਪਣੇ ਘਰ ਗਿਆ ਹੈ।

੧

ਮੈਨੂੰ ਉਹ ਦਿਨ ਬਿਲਕੁਲ ਨਹੀਂ ਭੁੱਲਦਾ, ਭੁੱਲ ਵੀ ਕਿਵੇਂ ਸਕਦਾ ਹੈ। ਉਸ ਦਿਨ ਇਕ ਬੰਨੇ ਮੇਰੀ ਆਤਮਾ ਦੀ ਆਵਾਜ਼ ਇਨਸਾਫ਼ ਸੀ ਤੇ ਦੂਜੇ ਬੰਨੇ ਘੋਰ ਅਤਿਆਚਾਰ ਤੇ ਜਬਰ ਦੀ ਦਾਸਤਾਨ ਜਿਸ ਨੂੰ ਮੇਰੇ ਆਪਣੇ ਹੀ ਦੇਸ਼ ਵਾਸੀ ਗੁਲਾਮ ਦੇਸ਼ ਦੇ ਨਿਰਦੋਸ਼ ਵਾਸੀਆਂ ਤੇ ਢਾਹ ਰਹੇ ਸਨ। ਮੈਂ ਸਾਮਰਾਜੀ ਨੀਤੀ ਦਾ ਪੱਖ ਪੂਰਦਾ, ਉਸ ਜ਼ਾਲਮ ਮਸ਼ੀਨਰੀ ਦਾ ਇਕ ਪੁਰਜਾ ਬਣ ਜਾਂਦਾ ਜਾਂ ਫਿਰ ਹਜ਼ਰਤ ਯਿਸੂ ਮਸੀਹ ਦੇ ਸੰਦੇਸ਼ ਦਾ ਸਨਮਾਨ ਕਰਦਾ, ਮਨੁੱਖਤਾ ਦਾ ਪੱਖ ਪੂਰਦਾ। ਸੱਚ ਮੁੱਚ ਉਹ ਦਿਨ ਮੈਨੂੰ ਚੰਗੀ ਤਰ੍ਹਾਂ ਯਾਦ ਹੈ।

ਉਸ ਦਿਨ ਮੇਰੀ ਕਚਹਿਰੀ ਵਿਚ ਕਾਫ਼ੀ ਭੀੜ ਸੀ। ਇਕ ਪਾਸੇ ਪੁਲਿਸ ਅਫ਼ਸਰ ਮਿਸਟਰ ਬਰਟਨ, ਇਨਸਪੈਕਟਰ, ਸਬ-ਇਨਸਪੈਕਟਰ, ਸਿਪਾਹੀ, ਚੌਂਕੀਦਾਰ ਪੁਲਿਸ ਦਾ ਕਾਫ਼ੀ ਅਮਲਾ ਮੌਜੂਦ ਸੀ। ਦੂਜੇ ਪਾਸੇ ਕੂਕਿਆਂ ਦੇ ਗੁਰੂ ਹਰੀ ਸਿੰਘ, ਮਹੰਤ ਨਰੈਣ ਸਿੰਘ ਰੋਡਿਆਂ ਵਾਲੇ, ਮਹੰਤ ਦਾਨ ਸਿੰਘ, ਮਹੰਤ ਗੁਰਦਿੱਤ ਸਿੰਘ , ਮਹੰਤ ਸੇਵਾ ਸਿੰਘ ਆਦਿ ਖਲੋਤੇ ਹੋਏ ਸਨ। ਉਹ ਸਾਰਾ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਹਾਲੀ ਵੀ ਘੁੰਮ ਰਿਹਾ ਹੈ।

ਅੱਜ ਅੜਬੰਗੀ ਦੇ ਕੇਸ ਦੀ ਤਾਰੀਖ ਹੈ। ਪੀ.ਪੀ., ਨਾਇਬ ਕੋਰਟ ਮੁਨਸ਼ੀ, ਅਹਿਲ ਮਦ, ਚਪੜਾਸੀ, ਰੀਡਰ ਵਗੈਰਾ ਸਭ ਆਪੋ ਆਪਣੇ ਥਾਂ ਤੇ ਸਜੇ ਹੋਏ ਹਨ। ਮੈਂ ਹਰ ਗੱਲ ਦੀ ਤਹਿ ਤੀਕ ਪੁੱਜ ਕੇ ਇਨਸਾਫ ਕਰਨ ਦੀ ਸੋਚ ਵਿਚ ਸਾਂ, ਚਿਹਰੇ ਤੇ ਕੁਝ-ਕੁਝ ਇਨਸਾਫ਼ ਦੇ, ਫਿਕਰ ਦੇ ਗਹਿਰੇ ਭਾਵ ਅੰਕਤ ਸਨ।

ਭਗਵਾਨ ਸਿੰਘ ਅੜਬੰਗੀ ਨੂੰ ਹਾਜ਼ਰ ਕਰੋ। ਮੈਂ ਕਿਹਾ।

"ਚਲੋ ਕੋਈ ਭਗਵਾਨ ਸਿੰਘ ਅੜਬੰਗੀ" ਚਪੜਾਸੀ ਨੇ ਜੋਰ ਦੀ ਅਵਾਜ਼ ਦਿੱਤੀ।

ਇਕ ਦਰਸ਼ਨੀ ਜੁਆਨ, ਮੂੰਹ ਤੇ ਬੇ-ਫ਼ਿਕਰੀ ਦਾ ਜਲਾਲ ਅਤੇ ਚਿਹਰੇ ਤੋਂ ਬਹਾਦਰੀ ਦੀਆਂ ਰੇਖਾਂ, ਮੱਥਾ ਚੌੜਾ, ਚਮਕਦਾਰ, ਮੋਟੀਆਂ ਮੋਟੀਆਂ, ਕਾਲੀਆਂ ਅਤੇ ਨਿਰਭੈਤਾ ਭਰੀਆਂ ਗੂਹੜੀਆਂ ਰੰਗ ਰਤੀਆਂ ਅੱਖਾਂ ਛਾਤੀ ਚੌੜੀ ਦਸਦੀ ਹੈ ਕਿ ਇਹ ਕੋਈ ਐਸਾ ਵੈਸਾ ਬੰਦਾ ਨਹੀਂ।

ਸਗੋਂ ਮਰਦ-ਏ-ਮੈਦਾਨ, ਬੋਲ ਤੋਲ ਦਾ ਪੂਰਾ ਸੂਰਾ, ਸਖੀ ਮਰਦ ਹੈ, ਜਿਸ ਦੇ ਹਥਕੜੀ ਤੇ ਬੇੜੀ ਲੱਗੀ ਹੋਈ ਹੈ। ਅਦਾਲਤ ਦੇ ਅੰਦਰ ਆਉਂਦਿਆਂ ਹੀ ਪਹਿਲਾਂ ਨਿਉਂ ਕੇ ਸ੍ਰੀ ਗੁਰੂ ਹਰੀ ਸਿੰਘ ਜੀ ਨੂੰ ਨਮਸਕਾਰ ਕਰਦਾ ਹੈ, ਫਿਰ ਉੱਚੀ "ਸਤਿ ਸ੍ਰੀ ਅਕਾਲ ਗਜਾ ਕੇ ਕਟਹਿਰੇ ਵਿਚ ਜਾ ਖਲੋਂਦਾ ਹੈ। ਉਸ ਦੇ ਆਉਣ ਉੱਤੇ ਮੈਂ ਕਿਹਾ, "ਕਸਮ ਖਾਹ ਕਿ ਮੈਂ ਝੂਠ ਨਹੀਂ ਬੋਲਾਂਗਾ।"

ਕਸਮ ਉਹ ਖਾਏ ਜਿਸ ਨੂੰ ਝੂਠ ਬੋਲਣ ਦੀ ਆਦਤ ਹੋਵੇ, ਨਾ ਮੈਂ ਕਦੀ ਝੂਠ ਬੋਲਦਾ ਹਾਂ ਅਤੇ ਨਾ ਹੀ ਕਸਮ ਖਾਂਦਾ ਹਾਂ। ਜੋ ਆਖਾਂਗਾ ਸੱਚ ਆਖਾਂਗਾ, ਜੋ ਕਿਹਾ ਹੈ ਸੱਚ ਕਿਹਾ ਹੈ। ਕਸਮ ਖਾਏ ਬਰਟਨ ਜਿਸ ਝੂਠ ਅਤੇ ਦਗੇ ਫਰੇਬ ਤੋਂ ਬਿਨਾਂ ਕੋਈ ਇਕ ਗੱਲ ਵੀ ਨਹੀਂ ਕਰਨੀ। ਉਸ ਕਿਹਾ।

"ਕਿ ਗੋਂਦਾ ਤੂੰ ਮਾਰਿਆ ਹੈ ?"

ਜ਼ਾਲਮ, ਜਾਬਰ ਤੇ ਹੰਕਾਰੀ ਆਪਣੇ ਪਾਪਾਂ ਨਾਲ ਆਪ ਹੀ ਮਰਿਆ ਕਰਦੇ ਹਨ। ਉਨ੍ਹਾਂ ਨੂੰ ਮਾਰਨ ਦੀ ਕਿਸੇ ਨੂੰ ਵੀ ਖੇਚਲ ਨਹੀਂ ਕਰਨੀ ਪੈਂਦੀ।

ਇਹ ਸੁਣ ਕੇ ਬਰਟਨ ਸਾਹਿਬ ਨੂੰ ਮੁਖਾਤਬ ਹੋ ਕੇ ਕਿਹਾ:

ਮਿਸਟਰ ਬਰਟਨ, ਕੀ ਆਪ ਮੁਜਰਿਮ ਤੇ ਕੋਈ ਸਵਾਲ ਕਰਨਾ ਚਾਹੁੰਦੇ ਜੋ ?"

ਹਾਂ, ਮਾਈ ਲਾਰਡ, ਪੁੱਛ ਸਕਦੇ ਹੋ।

ਕੀ ਤੂੰ ਇਨ੍ਹਾਂ ਨੂੰ ਜਾਣਦਾ ਹੈਂ? ਬਰਟਨ ਨੇ ਸ੍ਰੀ ਗੁਰੂ ਹਰੀ ਸਿੰਘ ਜੀ ਵੱਲ ਇਸ਼ਾਰਾ ਕਰਕੇ ਕਿਹਾ।

"ਅੰਨਿਆਂ। ਇਨ੍ਹਾਂ ਨੂੰ ਤੇ ਤ੍ਰਿਲੋਕੀ ਜਾਣਦੀ ਹੈ, ਫਿਰ ਮੈਂ ਕਿਉਂ ਨਹੀਂ ਜਾਣਦਾ। ਇਹ ਮੇਰੇ ਪਾਤਸ਼ਾਹ ਸ੍ਰੀ ਗੁਰੂ ਹਰੀ ਸਿੰਘ ਜੀ ਹਨ ਅਤੇ ਮੈਂ ਇਨ੍ਹਾਂ ਦਾ ਨਾਚੀਜ਼ ਸੇਵਕ।"

'ਕੁਝ ਹੋਰ ਪੁੱਛਣਾ ਜੇ ?'

'ਨਹੀ, ਮਾਈ ਲਾਰਡ।' ਸ਼ਹਾਦਤ ਪੇਸ਼ ਕਰੋ।

"ਚਲ ਕੋਈ ਪੀਰਾਂ ਦਿੱਤਾ। ਪੰਜੇਟਿਆਂ ਦਾ ਚਮਾਰ, ਪੀਰਾਂ ਦਿੱਤਾ। ਇਕ ਭੈੜਾ ਜਿਹਾ ਬੰਦਾ ਡਰਦਾ ਕੰਬਦਾ ਜਿਹਾ ਉਠਦਾ ਹੈ, ਕਦੀ ਡੇਲੇ ਭੁਆ ਕੇ ਉਪਰ ਵੇਖਦਾ ਹੈ ਤੇ ਕਦੀ ਹੇਠਾਂ। ਮਿਸਟਰ ਬਟਨ ਜ਼ੋਰ ਨਾਲ ਖੰਘਦਾ ਹੈ। ਪੀਰਾਂ ਦਿਤਾ ਟੋਂਹਦਾ-ਟੋਂਹਦਾ ਜਿਹਾ ਖੰਘ ਦੀ ਸੇਧ ਦੀ ਅਵਾਜ਼ ਵਿਚ ਅੰਦਰ ਆ ਜਾਂਦਾ ਹੈ। ਉਸ ਨੂੰ ਵੇਖ ਕੇ ਮੈਂ ਕਿਸੇ ਖ਼ਾਸ ਸੋਚ ਵਿਚ ਪੈ ਗਿਆ। ਮੇਰੀ ਇਹ ਹਾਲਤ ਵੇਖਕੇ ਇਕ ਸਿਪਾਹੀ ਪੀਰਾਂ ਦਿੱਤੇ ਨੂੰ ਉਗਾਹੀ ਵਾਲੇ ਥਾਂ ਉਥੇ ਜਾ ਖੜਾ ਕਰਦਾ ਹੈ। ਸੌਂਹ ਖਾਕੇ ਆਖ ਮੈਂ ਸੱਚ ਬੋਲਾਂਗਾ।

ਹਜੂਰ, ਮੈਂ ਲਾਲਾਂ ਵਾਲੇ ਦੀ ਸੌਂਹ ਖਾ ਕੇ ਆਖਦਾ ਹਾਂ, ਮੈਨੂੰ ਦੇਵੀ ਮਾਤਾ ਪੱਟੇ ਜੇ ਮੈਂ ਜੂਠ ਬੋਲਾਂ। ਮੇਰੇ ਪੁੱਤ ਮਰ ਜਾਣ, ਮੈਂ ਅੰਨ੍ਹਾ ਹੋ ਜਾਵਾਂ ਜੇ ਝੂਠ ਬੋਲਾਂ।

"ਕੀ ਤੂੰ ਅੜਬੰਗੀ ਨੂੰ ਗੇਂਦੇ ਸਾਰਜੰਟ ਨੂੰ ਮਾਰਦਿਆਂ ਡਿੱਠਾ ਹੈ?"

"ਮੈਂ ਸੁਣੀ ਸੁਣਾਈ ਗੱਲ ਤੇ ਕਦੀ ਇਤਬਾਰ ਨਹੀਂ ਕੀਤਾ ਮਾਪਿਆ। ਕੋਟ ਗੰਗੂ ਰਾਇ ਤੋਂ ਮੈਂ ਪੰਜੇਟਿਆਂ ਨੂੰ ਜਾ ਰਿਹਾ ਸਾਂ। ਜਦ ਮੈਂ ਗੁਸਾਈ ਵਾਲਾ ਲੰਘ ਕੇ ਕੋਟ ਦੀ ਢੱਕੀ ਵਿਚ ਗਿਆ ਤਾਂ ਉਥੇ ਕੋਈ ਦੁਹਾਈ ਪਾ ਕੇ ਕਹਿ ਰਿਹਾ ਸੀ - "ਓਇ ਸਿੱਖਾਂ ਕਿਉਂ ਗਰੀਬ ਦੇ ਲਹੂ ਨਾਲ ਨਹਾਉਂਦਾ ਹੈਂ ? ਵਾਸਤੇ ਖੁਦਾ ਦੇ ਮੈਨੂੰ ਨਾ ਮਾਰ, ਮੈਂ ਤੇਰਾ ਕੁਝ ਨਹੀਂ ਵਿਗਾੜਿਆ। ਖ਼ੁਦਾ ਦੇ ਵਾਸਤੇ ਮੈਨੂੰ ਨਾ ਮਾਰ। ਜਦ ਮੈਂ ਕੋਲ ਗਿਆ ਤਦ ਅੜਬੰਗੀ ਗੇਂਦੇ ਦੀ ਛਾਤੀ ਤੇ ਚੜਿਆ ਬੈਠਾ ਸੀ ਅਤੇ ਕੋਈ ਤਿੱਖੀ ਚੀਜ਼, ਚਾਕੂ ਜਿਹਾ ਉਸ ਦੇ ਹੱਥ ਵਿਚ ਸੀ। ਵੇਖ ਕੇ ਮੈਂ ਕਿਹਾ - "ਖਾਲਸਾ ਜੀ, ਕਿਉਂ ਗਰੀਬ ਨੂੰ ਮਾਰਦੇ ਹੋ, ਇਸ ਤੁਹਾਡਾ ਕੀ ਵਿਗਾੜਿਆ ਹੈ ?" ਇਹ ਸੁਣ ਕੇ ਅੜਬੰਗੀ ਕਿਹਾ- "ਠਹਿਰ ਕੁੱਤਿਆ ਚਮਾਰਾ, ਤੈਨੂੰ ਵੀ ਪੁੱਛ ਵੇਖਦਾ ਹਾਂ।" ਮੈਂ ਤਾਂ ਜੁੱਤੀ ਲਾਹ ਕੇ ਸਿੱਧਾ ਭੈਣੀ ਚੌਂਕੀ ਵਿਚ ਆ ਗਿਆ ਅਤੇ ਦੁਹਾਈ ਦਿੱਤੀ ਕਿ ਗੇਂਦਾ ਅੜਬੰਗੀ ਨੇ ਮਾਰ ਦਿੱਤਾ ਹੈ।

ਚੌਂਕੀ ਦੇ ਸਿਪਾਹੀਆਂ ਮੇਰੇ ਦੱਸਣ ਤੇ ਜਾ ਕੇ ਡਿੱਠਾ ਕਿ ਗੇਂਦਾ ਮਰਿਆ ਪਿਆ ਹੈ ਅਤੇ ਅੜਬੰਗੀ ਨਸ ਗਿਆ ਏ। ਭੈਣੀ ਤੇ ਪੰਜੇਟਿਆਂ ਦਾ ਫ਼ਰਕ ਹੀ ਕੀ ਹੈ ? ਰੋਜ਼ ਦੀ ਆਉਣੀ ਜਾਣੀ ਹੈ। ਫਿਰ ਮੈਂ ਤਾਂ ਅੜਬੰਗੀ ਨੂੰ ਕਈ ਜੁੱਤੀਆਂ ਵੀ ਬਣਾ ਕੇ ਦਿੱਤੀਆਂ ਹਨ। ਰਮਦਾਸੀਏ ਨੇ ਕਿਹਾ।

ਕੁਝ ਹੋਰ ਸਵਾਲ?

"ਮੈਂ ਕਿਹਾ ਨਹੀਂ, ਮਾਈ ਲਾਰਡ! ਮਾਮਲਾ ਸਾਫ਼ ਹੈ। ਚੌਂਕੀ ਦੇ ਸਿਪਾਹੀ ਭੁਗਤ ਚੁਕੇ ਹਨ। ਚਸ਼ਮਦੀਦ ਸ਼ਹਾਦਤ ਹੋ ਚੁੱਕੀ ਹੈ, ਹੁਣ ਫੈਸਲਾ ਸੁਣਾਓ।"

"ਭਗਵਾਨ ਸਿੰਘ ਤੇਰਾ ਕੋਈ ਉਜ਼ਰ ?"

ਇਕ ਪੁਲਸ ਅਫਸਰ ਦੇ ਮੁਕਾਬਲੇ ਵਿਚ ਮੇਰੀ ਕਿਸ ਸੁਣਨੀ ਏ ?"

"ਜੋ ਕਹਿਣਾ ਏ, ਨਿਸ਼ੰਗ ਕਹੋ।" ਮੈਂ ਕਿਹਾ। "ਮਲਕਾ ਮੁਅੱਜ਼ਮਾ ਦੇ ਰਾਜ ਵਿਚ ਜਿਹਾ ਮਿਸਟਰ ਬਟਨ, ਤੇਹਾ ਤੂੰ। ਮੈਂ ਇਨਸਾਫ ਕਰਾਂਗਾ।"

ਚੱਲਦਾ......

# ਸਾਡਾ ਕੋਈ ਹੱਲ ਨਹੀਂ

✍- ਪ੍ਰੋ. ਅਵਤਾਰ ਸਿੰਘ

ਅਸੀਂ ਭਾਰਤੀ ਲੋਕ ਆਪੋ ਆਪਣੀਆਂ ਜਾਤੀ ਖੁੱਡਾਂ ਵਿੱਚ ਹੀ ਵੜੇ ਅਤੇ ਦੜੇ ਰਹਿਣ ਦੇ ਆਦੀ ਹਾਂ। ਹਰ ਜਾਤ ਦੇ ਲੋਕਾਂ ਨੇ ਦੂਜੀਆਂ ਜ਼ਾਤਾਂ ਦੇ ਲੋਕਾਂ ਬਾਬਤ ਅਜਿਹੇ ਚੁਟਕਲੇ ਬਣਾਏ ਹੋਏ ਹਨ, ਜਿਨ੍ਹਾਂ ਨੂੰ ਸੁਣ ਕੇ ਸਿਰਫ਼ ਸੁਣਾਉਣ ਵਾਲੇ ਲੋਕ ਹੀ ਹੱਸਦੇ ਹਨ। ਸਾਡੇ ਹਾਸੇ ਵੀ ਕਿੱਡੇ ਅਜੀਬ ਹਨ, ਜਿਹੜੇ ਕਿਸੇ ਦੀ ਖਿੱਲੀ 'ਤੇ ਨਿਰਭਰ ਕਰਦੇ ਹਨ। ਤਾਂ ਹੀ ਕਹਿੰਦੇ ਹਨ 'ਚਿੜੀਆਂ ਦੀ ਮੌਤ ਗਵਾਰਾਂ ਦਾ ਹਾਸਾ'। ਜ਼ਾਤੀਗਤ ਚੁਟਕਲਿਆਂ ਤੋਂ ਲੋਕਾਂ ਦੇ ਬੌਧਿਕ ਪੱਧਰ ਦੇ ਦਰਸ਼ਨ ਵੀ ਸੌਖੇ ਹੀ ਹੋ ਜਾਂਦੇ ਹਨ। ਸਧਾਰਣ ਲੋਕਾਂ ਦੇ ਚੁਟਕਲੇ ਵੀ ਸਧਾਰਣ ਤੇ ਵਿਦਵਾਨਾਂ ਦੇ ਚੁਟਕਲੇ ਵੀ ਵਿਦਵਾਨ ਹੁੰਦੇ ਹਨ।

ਸਾਨੂੰ ਆਪਣੇ ਘਰਾਂ ਵਿਚ ਬੜੀ ਅਜੀਬ ਕਿਸਮ ਦੀ ਗੁੜ੍ਹਤੀ ਮਿਲਦੀ ਹੈ, ਜਿਸਦਾ ਅਸਰ ਉਤਾਰਨ ਵਿੱਚ ਸਾਡੇ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਵੀ ਫੇਲ ਹੋ ਜਾਂਦੀਆਂ ਹਨ। ਤਾ ਉਮਰ ਉਨ੍ਹਾਂ ਗੁੜ੍ਹਤੀਆਂ ਦਾ ਅਸਰ ਨਹੀਂ ਜਾਂਦਾ। ਫ਼ਿਲਮ 'ਦੇਵਦਾਸ' ਦਾ ਦ੍ਰਿਸ਼ ਚੇਤੇ ਆਇਆ। ਦੇਵਦਾਸ ਦੀ ਮਾਂ ਜਕਦੀ ਅਤੇ ਡਰਦੀ ਹੋਈ ਆਪਣੇ ਜਗੀਰਦਾਰ ਪਤੀ ਨਾਲ ਦੇਵਦਾਸ ਦੇ ਬਚਪਨ ਦੀ ਦੋਸਤ ਪਾਰੋ ਦੇ ਵਿਆਹ ਦੀ ਗੱਲ ਤੋਰਦੀ ਹੈ। ਉਹਦੇ ਮਨ ਵਿੱਚ ਦੇਵਦਾਸ ਦਾ ਇਸ਼ਾਰਾ ਹੁੰਦਾ ਹੈ। ਉਹਨੇਂ ਹਾਲੇ 'ਦੇਵ' ਹੀ ਕਿਹਾ ਹੁੰਦਾ ਹੈ ਕਿ ਦੇਵਦਾਸ ਦਾ ਬਾਪ ਹੁੱਕੇ ਦੀ ਨਾਲ਼ੀ ਮੂਹੋਂ ਕੱਢ ਕੇ ਲਾਲ ਪੀਲਾ ਹੋ ਕੇ ਕਹਿੰਦਾ ਹੈ ਕਿ "ਯੇ ਕੈਸੇ ਹੋ ਸਕਤਾ ਹੈ? ਏਕ ਤੋ ਨੀਵੀਂ ਜਾਤੀ ਕੇ ਬ੍ਰਹਮਣ ..."।

ਇਹ ਫ਼ਿਲਮ ਦੇਖ-ਦੇਖ ਮੈਂ ਬੜਾ ਰੋਇਆ ਹਾਂ। ਪਰ ਉਕਤ ਗੱਲ ਸਮਝਣ ਨੂੰ ਬੜੀ ਦੇਰ ਲੱਗੀ ਕਿ ਖ਼ੁਦ ਨੂੰ ਸੁਵਰਣ ਸਮਝਣ ਵਾਲੇ ਬ੍ਰਾਹਮਣ ਵਰਣ ਵਿੱਚ ਵੀ ਨੀਵੀਂ ਤੇ ਉੱਚ ਜਾਤੀ ਬ੍ਰਾਹਮਣ ਹੁੰਦੇ ਹਨ। ਖੱਤਰੀ ਵਰਣ ਦੀਆਂ ਕਈ ਜਾਤਾਂ ਦੇ ਲੋਕ ਵੀ ਕਈ ਖੱਤਰੀ ਜਾਤਾਂ ਨੂੰ ਨਖਿੱਧ ਸਮਝਦੇ ਹਨ। ਚਾਰ ਜਾਤੀ, ਬਾਰਾਂ ਜਾਤੀ, ਬਵੰਜਾ ਜਾਤੀ ਅਤੇ 'ਔਰੇ' ਵਾਲੀ ਕਹਾਣੀ ਤਾਂ ਕਨਿੰਘਮ ਨੇ ਵੀ ਲਿਖੀ ਹੈ। ਵੈਸ਼ ਵਰਣ ਬਾਬਤ ਮੈਂ ਕੁਝ ਨਹੀਂ ਕਹਿ ਸਕਦਾ। ਲੇਕਿਨ ਸ਼ੂਦਰ ਵਰਣ ਬਾਬਤ ਤਾਂ ਪੁਛੋ ਕੁਝ ਨਾ। "ਨੌਂ ਪੂਰਬੀਏ ਸਤਾਰਾਂ ਚੁੱਲ੍ਹਿਆਂ" ਵਾਲੀ ਗੱਲ ਹੈ। ਜਿਨ੍ਹਾਂ ਲੋਕਾਂ ਨੂੰ ਜਾਤੀ ਨਫ਼ਰਤ ਤੋਂ ਮੁਕਤੀ ਦੀ ਵਧੇਰੇ ਜ਼ਰੂਰਤ ਹੈ, ਉਹੀ ਲੋਕ ਜ਼ਾਤੀਗਤ ਦਲਦਲ ਵਿੱਚ ਗਲ ਤੱਕ ਨਹੀਂ, ਨੱਕ ਤੱਕ ਡੁੱਬੇ ਹੋਏ ਹਨ। ਸਮਝ ਨਹੀਂ ਲੱਗਦੀ ਕਿ ਸਾਹ ਕਿੱਦਾਂ ਅਤੇ ਕਿੱਥੋਂ ਲੈਂਦੇ ਹੋਣਗੇ।

ਹਰ ਜਾਤ ਦੇ ਲੋਕ ਆਪਣੇ ਤੋਂ ਹੇਠਲੀ ਸਮਝੀ ਜਾਂਦੀ ਜਾਤ ਦੇ ਲੋਕਾਂ ਨੂੰ ਨਫ਼ਰਤ ਕਰਦੇ ਹਨ ਤੇ ਆਪਣੇ ਤੋਂ ਉਪਰਲੀ ਸਮਝੀ ਜਾਂਦੀ ਜਾਤ ਨਾਲ ਈਰਖਾ ਵੀ ਕਰਦੇ ਹਨ ਤੇ ਹੇਰ ਫੇਰ ਨਾਲ ਉਨ੍ਹਾਂ ਵਿੱਚ ਘੁਸੜਨ ਦੀ ਕੋਸ਼ਿਸ਼ ਵੀ ਕਰਦੇ ਹਨ।

ਜਾਤੀਵਾਦ ਦੇ ਭਰਮਜਾਲ ਵਿਚ ਫਸੇ ਅਤੇ ਗ੍ਰਸੇ ਹੋਏ ਲੋਕ ਦੁਆਬੇ ਦੇ 'ਮਿਨਹਾਸ' ਗੋਤਰ ਵਾਲੇ ਲੋਕਾਂ ਨੂੰ ਜੱਟਾਂ ਨਾਲੋਂ ਰਤਾ ਹੇਠਾਂ ਸਮਝਦੇ ਹਨ। ਇਸ ਇਲਾਕੇ ਦੇ ਕਾਲਜ ਵਿੱਚ ਇਕ ਪ੍ਰਿੰਸੀਪਲ ਆਏ ਜੋ ਖ਼ੁਦ ਨੂੰ ਮਿਨਹਾਸ ਲਿਖਦੇ ਸਨ ਤੇ ਇੱਥੋਂ ਦੇ ਲੋਕ ਉਨ੍ਹਾਂ ਨੂੰ 'ਆਪਣਾ ਬੰਦਾ' ਸਮਝਣ ਲੱਗ ਪਏ। ਉਹਨੂੰ ਗੱਲਾਂ ਗੱਲਾਂ ਵਿੱਚ ਬੜੇ ਤਰੱਦਦ ਨਾਲ ਘੁਮਾ ਫਿਰਾ ਕੇ ਦੱਸਣਾ ਪੈਂਦਾ ਕਿ ਉਹ ਮਿਨਹਾਸ ਹੈ ਪਰ ਉਹ 'ਉਹ ਮਿਨਹਾਸ ਨਹੀਂ'। ਗੋਤਾਂ ਦੇ ਨਿੱਕੇ ਨਿੱਕੇ ਫਰਕ ਵੱਡੀ ਬਿਪਤਾ ਖੜ੍ਹੀ ਕਰ ਦਿੰਦੇ ਹਨ। ਮੇਰੇ ਨਾ਼ਲ ਦੇ ਕਾਲਜ ਵਿੱਚ ਇਕ ਪ੍ਰੋ. ਸੱਤਪਾਲ ਵਿਰਦੀ ਸੀ। ਕੋਈ ਦੁਆਬੀਆ ਉਹਨੂੰ ਬਿਰਦੀ ਕਹਿ ਦਿੰਦਾ ਤਾਂ ਉਹ ਗਲ ਪੈ ਜਾਂਦਾ ਸੀ ਕਿ 'ਤੁਹਾਨੂੰ ਪਤਾ ਨਹੀਂ ਬਿਰਦੀ ਕੌਣ ਹੁੰਦੇ ਹਨ'।

ਮੇਰਾ ਇਕ ਹੋਰ ਬੜਾ ਪੜ੍ਹਿਆ ਤੇ ਗੁੜ੍ਹਿਆ ਦੋਸਤ ਹੈ। ਉਹ ਜਾਤ ਗੋਤ ਦਾ ਪੁੱਜਕੇ ਮਾਹਿਰ ਹੈ। ਕੋਈ ਉਹਦੇ ਅੱਗੇ ਮਾੜਾ ਜਿਹਾ ਮੂੰਹ ਖੋਲ੍ਹੇ ਸਹੀ, ਉਹ ਝੱਟ ਜਾਤ ਪਛਾਣ ਲੈਂਦਾ ਹੈ। ਜੇ ਉਹਨੂੰ ਉਸ ਬੰਦੇ ਨਾਲ ਕੋਈ ਮਤਲਬ ਸੌਰਦਾ ਨਜ਼ਰ ਆਵੇ ਤਾਂ ਉਹਦੇ ਅੱਗੇ ਉਹਦੀ ਜਾਤ ਦੇ ਮਹਾਨ ਬੰਦਿਆਂ ਦੀ ਲਿਸਟ ਖੋਲ੍ਹ ਲੈਂਦਾ ਹੈ ਤੇ ਉਨ੍ਹਾਂ ਦੇ ਸੋਹਲੇ ਗਾਉਣ ਲੱਗ ਪੈਂਦਾ ਹੈ। ਜੇ ਉਹਦੇ ਨਾਲ ਕੋਈ ਮਤਲਬ ਨਾ ਹੋਵੇ ਤਾਂ ਨੱਕ ਮੂੰਹ ਵੱਟ ਕੇ ਉਹਦੀ ਜਾਤ ਦੇ ਬੁਰੇ ਬੰਦਿਆਂ ਦੇ ਸ਼ਿਜਰੇ ਫੋਲ ਮਾਰਦਾ ਹੈ। ਉਹਨੂੰ ਇਸ ਗੱਲ ਦਾ ਬਿਲਕੁਲ ਨਹੀਂ ਪਤਾ ਕਿ ਉਹਦੀ ਖ਼ੁਦ ਦੀ ਜਾਤ ਉਹਦੇ ਨੱਕ 'ਤੇ ਇੰਨੇ ਵੱਡੇ ਅੱਖਰਾਂ ਵਿਚ ਖੁਣੀ ਹੋਈ ਹੈ, ਜਿਹਦਾ ਸਿਰਫ ਉਹਨੂੰ ਹੀ ਨਹੀਂ ਪਤਾ। ਕਹਿੰਦੇ ਹਨ ਕਿਸੇ ਜੱਟ ਦੇ ਮੁੰਡੇ ਦਾ ਕਿਸੇ ਤਰਖਾਣ ਦੀ ਕੁੜੀ ਨਾਲ ਰਿਸ਼ਤਾ

ਤੈਅ ਹੋ ਗਿਆ। ਬੰਦਿਆਂ ਨੇ ਤਾਂ ਗੱਲ ਦੱਬ ਘੁੱਟ ਲਈ, ਪਰ ਤੀਵੀਆਂ ਤੋਂ ਰਿਹਾ ਨਾ ਗਿਆ। ਕਿਤੇ ਕੁੜਮਣੀਆਂ ਕੱਠੀਆਂ ਹੋਈਆਂ ਤੇ ਮੁੰਡੇ ਵਾਲੀ ਕੁੜਮਣੀ ਕਹਿਣ ਲੱਗੀ 'ਭੈਣਜੀ, ਕਿਆ ਦੱਸਾਂ ਅਸੀਂ ਤਾਂ ਕਿਸੇ ਨੂੰ ਦੱਸਿਆ ਵੀ ਨਹੀਂ ਕਿ ਸਾਡੇ ਮੁੰਡੇ ਦਾ ਰਿਸ਼ਤਾ ਤਰਖਾਣਾਂ ਦੇ ਹੋਇਆ'। ਕੁੜੀ ਵਾਲੇ ਪਾਸਿਓਂ ਕੁੜਮਣੀ ਨੇ ਝੱਟ ਮੌਕਾ ਸੰਭਾਲ ਲਿਆ ਤੇ ਕਹਿਣ ਲੱਗੀ 'ਭੈਣਜੀ, ਤਾਂ ਕੀ ਹੋਇਆ, ਦੱਸ ਦੇਣਾ ਸੀ, ਅਸੀਂ ਕਿਹੜਾ ਨਾਈ ਹਾਂ'।

ਨਫ਼ਰਤ ਅਤੇ ਈਰਖਾ ਦਾ ਇਹ ਸਿਲਸਿਲਾ ਕਿਤੇ ਨਹੀਂ ਮੁੱਕਦਾ। ਵੱਡੇ-ਵੱਡੇ ਵਿਦਵਾਨ ਜਾਤ ਗੋਤ ਦੀ ਮਰਜ਼ ਦੇ ਸ਼ਿਕਾਰ ਸਨ ਅਤੇ ਹਨ। ਸੰਤ ਸਿੰਘ ਸੇਖੋਂ ਪੰਜਾਬੀ ਦੇ ਵੱਡੇ ਵਿਦਵਾਨ ਹੋਏ ਹਨ। ਉਨ੍ਹਾਂ ਨੇ ਸ੍ਵੈਜੀਵਨੀ ਵਿੱਚ ਉਚੇਚੇ ਤੌਰ ਪਰ ਲਿਖਿਆ ਕਿ ਉਨ੍ਹਾਂ ਦਾ ਵੱਡਾ ਵਡੇਰਾ ਸੇਖੋਂ ਕੋਈ ਰਾਜਪੂਤ ਰਾਜਾ ਸੀ। ਪੜ੍ਹ ਕੇ ਮੈਂ ਬੜਾ ਹੈਰਾਨ ਹੋਇਆ ਕਿ ਸੇਖੋਂ ਤਾਂ ਰਾਜਪੂਤ ਨਹੀਂ ਹੈ, ਫਿਰ ਵੱਡਾ ਵਡੇਰਾ ਰਾਜਪੂਤ ਕਿਵੇਂ ਹੋਇਆ! ਮਨ ਨੂੰ ਸਮਝਾਇਆ ਕਿ ਸੇਖੋਂ ਦੀਆਂ ਸੇਖੋਂ ਜਾਣੇ। ਭਾਈ ਕਾਨ੍ਹ ਸਿੰਘ ਨਾਭੇ ਨੇ ਆਪਣੇ ਸ਼ਬਦ ਰਤਨਾਕਰ ਮਹਾਨ ਕੋਸ਼ ਵਿੱਚ ਜੱਟ ਨੂੰ ਰਾਜਪੂਤਾਂ ਦੀ ਇਕ ਸ਼ਾਖ਼ ਲਿਖਿਆ ਹੈ ਤੇ ਰਾਜਪੂਤ ਨੂੰ ਖੱਤਰੀਆਂ ਦੀ ਸ਼ਾਖ ਲਿਖਿਆ ਹੈ। ਖ਼ੁਦ ਨੂੰ ਖੱਤਰੀ ਵਰਣ ਵਿੱਚ ਘਸੋੜਨ ਦਾ ਇਹੀ ਰੂਟ ਹੈ। ਕਿਤਾਬ 'ਰੰਘਰੇਟ੍ਹਿਆਂ ਦਾ ਇਤਿਹਾਸ' ਵਿੱਚ ਮਜ਼ਬੀ ਸਿੱਖਾਂ ਦੇ ਗੋਤਾਂ ਨੂੰ ਖਿੱਚ੍ਹ ਧੂਹ ਕੇ ਰਾਜਪੂਤਾਂ ਰਾਹੀਂ ਖੱਤਰੀਆਂ ਨਾਲ ਜੋੜਿਆ ਗਿਆ ਹੈ। ਵੱਡੇ ਹੋਣ ਜਾਂ ਖ਼ੁਦ ਦੀ ਜਾਤ ਨੂੰ ਉੱਚੀ ਸਾਬਤ ਕਰਨ ਦਾ ਬੜਾ ਹੀ ਹਾਸੋਹੀਣਾ ਤੇ 'ਪ੍ਰਮਾਣਕ' ਤਰੀਕਾ ਹੈ। ਗਿੱਲ ਤੇ ਗਿੱਲੜ, ਵਿਰਦੀ ਤੇ ਬਿਰਦੀ ਦੇ ਰੰਚਕ ਜਿਹੇ ਫ਼ਰਕ ਨੂੰ ਬੜੇ ਰੌਚਕ ਕਿੱਸਿਆਂ ਰਾਹੀਂ ਮੇਟਣ ਦੀ ਕੋਸ਼ਿਸ਼ ਅਸੀਂ ਅਕਸਰ ਦੇਖਦੇ ਹਾਂ।

ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਨੇ 'ਦਸਮੇਸ਼ ਪ੍ਰਕਾਸ਼' ਗ੍ਰੰਥ ਵਿੱਚ "ਹਾਰੇ ਵਾਂਗ ਜਲਾਹਿਆਂ ਦੇ ਕੁਕੜਾਂ ਦੇ" ਜੁਮਲਾ ਲਿਖ ਕੇ ਕਿੱਡੇ ਦਿਲ ਟੁੰਬਵੇਂ ਅੰਦਾਜ਼ ਵਿੱਚ ਨਿਮਨ ਜਾਤੀਆਂ ਦੀ ਹੋਣੀ ਬਿਆਨ ਕੀਤੀ ਹੈ। ਵਾਹ! ਜਿਨ੍ਹਾਂ ਦੇ ਕੁੱਕੜ ਵੀ ਹਾਰ ਜਾਂਦੇ ਹਨ, ਉਨ੍ਹਾਂ ਨੇ ਖ਼ੁਦ ਭਲਾ ਸੁਆਹ ਜਿੱਤਣਾ! ਸ਼ੂਦਰ ਵਰਣ ਦੇ ਬਹੁਤੇ ਲੋਕਾਂ ਨੇ ਆਪੋ ਆਪਣੀ ਜਾਤ ਦਾ ਕੋਈ ਮਹਾਨ ਬੰਦਾ ਲੱਭ ਕੇ ਉਹਦੇ ਪਿੰਡ ਜਾਂ ਉਹਦੇ ਨਾਂ ਨੂੰ ਆਪਣੀ ਜਾਤੀ ਬਣਾ ਲਿਆ ਹੈ। ਰਾਮਗੜ੍ਹੀਆ, ਆਹਲੂਵਾਲ਼ੀਆ, ਰਾਮਦਾਸੀਆ, ਰਵਦਾਸੀਆ ਤੇ ਬਾਲਮੀਕੀਆ ਜਾਤੀਆਂ ਅਜਿਹੀ ਕੋਸ਼ਿਸ਼ ਦਾ ਹੀ ਪਰਿਣਾਮ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਅਸੀਂ ਆਪੋ ਆਪਣੀ ਜਾਤ ਦੇ ਰਹਿਬਰ ਦਾ ਨਾਂ ਇਸ ਲਈ ਅਪਣਾਉਂਦੇ ਹਾਂ ਕਿ ਅਸੀਂ ਆਪਣੀ ਤੰਗ ਨਜ਼ਰ ਅਤੇ ਹੋਣੀ ਤੋਂ ਨਿਜਾਤ ਹਾਸਲ ਕਰ ਸਕੀਏ। ਆਪ ਤਾਂ ਅਸੀਂ ਕੀ ਮੁਕਤੀ ਹਾਸਲ ਕਰਨੀ ਹੋਈ ਅਸੀਂ ਤਾਂ ਆਪਣੇ ਰਹਿਬਰਾਂ ਨੂੰ ਵੀ ਗੰਦੀ ਸੋਚ ਵਾਲੀਆਂ ਆਪਣੀਆਂ ਨਿੱਕੀਆਂ ਨਿੱਕੀਆਂ ਛੱਪੜੀਆਂ ਵਿੱਚ ਸੁੱਟ ਲਿਆ ਹੋਇਆ ਹੈ। ਸਾਨੂੰ ਸਾਰਿਆਂ ਨੂੰ ਹੀ ਆਪਣੀਆਂ ਜਾਤੀ ਖੁੱਡਾਂ ਨਾਲ ਬਹੁਤ ਪਿਆਰ ਹੈ, ਜਿਸ ਕਰਕੇ ਅਸੀਂ ਇਨ੍ਹਾਂ ਨੂੰ ਪਲ ਭਰ ਲਈ ਵੀ ਵਿਸਾਰਦੇ ਨਹੀਂ ਹਾਂ। ਕਈ ਇਨ੍ਹਾਂ ਨੂੰ ਲਿਸ਼ਕਾ-ਲਿਸ਼ਕਾ ਕੇ ਖੁਸ਼ ਹੁੰਦੇ ਹਨ ਤੇ ਕਈ ਇਨ੍ਹਾਂ ਨੂੰ ਲੁਕੋ-ਲੁਕੋ ਰੱਖਦੇ ਹਨ।

ਆਪਣੀ ਜਾਤ ਨੂੰ ਲੁਕੋਣ ਜਾਂ ਲਿਸ਼ਕਾਉਣ ਵਾਲ਼ਿਆਂ ਵਿੱਚੋਂ ਅੱਜ ਤੱਕ ਮੈਨੂੰ ਕੋਈ ਵੀ ਅਜਿਹਾ ਬੰਦਾ ਨਹੀਂ ਮਿਲਿਆ ਜਿਹੜਾ ਜਾਤੀਵਾਦ ਤੋਂ ਖ਼ੁਦ ਮੁਕਤ ਹੋਇਆ ਹੋਵੇ ਜਾਂ ਇਸਤੋਂ ਮੁਕਤੀ ਹਾਸਲ ਕਰਨ ਦੀ ਕੋਸ਼ਿਸ਼ ਹੀ ਕਰ ਰਿਹਾ ਹੋਵੇ। ਮਹਿੰਗਾਈ ਮੂੰਹ ਅੱਡੀ ਖੜ੍ਹੀ ਹੈ। ਅਨਪੜ੍ਹਤਾ ਅੱਖਾਂ ਪਾੜ-ਪਾੜ ਦੇਖ ਰਹੀ ਹੈ। ਜਹਾਲਤ ਨੇ ਜੀਣਾ ਜਹੰਨਮ ਬਣਾ ਦਿੱਤਾ ਹੈ। ਭ੍ਰਿਸ਼ਟਾਚਾਰ ਦੇ ਭੇੜੀਏ ਨੂੰ ਨੱਥ ਨਹੀਂ ਪੈ ਰਹੀ। ਬੇਰੁਜ਼ਗਾਰੀ ਕਾਰਣ ਸਾਡੇ ਬੱਚੇ ਬਾਹਰਲੇ ਮੁਲਕਾਂ ਨੂੰ ਦੌੜ ਜਾਣਾ ਚਾਹੁੰਦੇ ਹਨ। ਇਨ੍ਹਾਂ ਤਮਾਮ ਬਿਮਾਰੀਆਂ ਦਾ ਅਸੀਂ ਹੱਲ ਚਾਹੁੰਦੇ ਹਾਂ। ਪਰ, ਪਤਾ ਨਹੀਂ ਸਾਨੂੰ ਜਾਤੀਗਤ ਖੁੱਡਾਂ ਵਿੱਚੋਂ ਕਿਹੋ ਜਿਹਾ ਸੁੱਖ ਲੱਭਦਾ ਹੈ ਕਿ ਅਸੀਂ ਇਨ੍ਹਾਂ ਦਾ ਕੋਈ ਹੱਲ ਹੀ ਨਹੀਂ ਚਾਹੁੰਦੇ ਤੇ ਨਾ ਹੀ ਇਨ੍ਹਾਂ ਦਾ ਤਿਆਗ ਕਰਨ ਬਾਬਤ ਸੋਚਦੇ ਹਾਂ।

ਖੁੱਡਾਂ ਵਿੱਚ ਰਹਿਣ ਵਾਲੇ ਜੀਵ ਜੰਤੂਆਂ ਦੇ ਜਿਉਂਦੇ, ਜਾਗਦੇ ਬੱਚੇ ਸਾਬਤੇ ਹੀ ਸੱਪ ਨਿਗ਼ਲ ਜਾਂਦੇ ਹਨ। ਅਸੀਂ ਕਿਉਂ ਇਨ੍ਹਾਂ ਖੁੱਡਾਂ ਦਾ ਖਹਿੜਾ ਨਹੀਂ ਛੱਡ ਰਹੇ, ਸਮਝ ਤੋਂ ਬਾਹਰ ਦੀ ਗੱਲ ਹੈ। ਆਉ ਇਨ੍ਹਾਂ ਬੱਚੇ ਖਾਣੀਆਂ ਜਾਤੀਗਤ ਖੁੱਡਾਂ 'ਚੋਂ ਬਾਹਰ ਨਿਕ਼ਲੀਏ ਤੇ ਆਪਣੇ ਬੱਚਿਆਂ ਨੂੰ ਇਸ ਜਾਨਲੇਵਾ ਅਜ਼ਗਰ ਤੋਂ ਬਚਾਉਣ ਦਾ ਕੋਈ ਹੀਲਾ ਕਰੀਏ।

ਫ਼ੋਨ: 9417518384

# ਮਾਨਸ ਤੇ ਦੇਵਤੇ ਕੀਏ...
## (ਬਾਬਾ ਝੰਡਾ ਸਿੰਘ ਦਾ ਜੀਵਨ)

✍- ਕਰਨਵੀਰ ਸਿੰਘ ਗੁਰਦਾਸਪੁਰ

ਬਾਝ ਓਸ ਜਨਾਬ ਦੇ ਪਾਰ ਨਾਹੀਂ,
ਲੱਖਾਂ ਢੂੰਡਦੇ ਫਿਰਨ ਫਕੀਰੀਆਂ ਨੀ।
ਜਿਹੜੇ ਪੀਰ ਦੀ ਮਿਹਰ ਮਨਜ਼ੂਰ ਹੋਏ,
ਘਰ ਤਿਨ੍ਹਾਂ ਦੇ ਮੀਰੀਆਂ ਪੀਰੀਆਂ ਨੀ।

ਅਸੀਂ ਜਦੋਂ ਵੀ ਕੁਦਰਤ ਰੂਪੀ ਸਿਰਜੇ ਗਏ ਸੰਸਾਰਿਕ ਤਾਣੇ ਬਾਣੇ ਤੇ ਝਾਤ ਮਾਰਦੇ ਹਾਂ ਤਾਂ ਇੱਕ ਆਮ ਵਿਚਾਰਧਾਰਾ ਦੇਖਣ ਨੂੰ ਮਿਲਦੀ ਹੈ ਜਿਸ ਵਿੱਚ ਹਰ ਇੱਕ ਸੰਸਾਰਿਕ ਪ੍ਰਾਣੀ ਆਪਣੇ ਅਤੇ ਆਪਣੇ ਸਨੇਹੀਆਂ ਦੇ ਹਿੱਤਾਂ ਪ੍ਰਤੀ ਹਮੇਸ਼ਾਂ ਕਾਰਜਸ਼ੀਲ ਅਤੇ ਨਿਸ਼ਠਾਵਾਨ ਦਿਖਾਈ ਦਿੰਦਾ ਹੈ, ਉਹ ਆਪਣੀ ਲਾਭ ਦੇਣ ਯੋਗ ਸੱਤਾ (ਚਾਹੇ ਉਹ ਕੋਈ ਨਿਰਜੀਵ ਵਸਤੂ ਹੀ ਕਿਉਂ ਨਾਂ ਹੋਵੇ) ਪ੍ਰਤੀ ਆਕਰਸ਼ਿਤ ਰਹਿੰਦਾ ਹੈ। ਪ੍ਰੰਤੂ ਸੰਸਾਰ ਵਿੱਚ ਵਿਚਰਦਿਆਂ ਕਦੀਂ-ਕਦੀਂ ਅਜਿਹੀਆਂ ਘਟਨਾਵਾਂ ਵੀ ਵਾਪਰਦੀਆਂ ਹਨ ਜਦੋਂ ਇਨਸਾਨ ਆਪਣੇ ਕਿਸੇ ਵਿਸ਼ੇਸ਼ ਕਰਮ, ਵਸਤੂ ਜਾਂ ਵਿਅਕਤੀ ਪ੍ਰਤੀ ਇੰਨਾਂ ਆਕ੍ਰਸ਼ਿਤ ਹੋ ਜਾਂਦਾ ਹੈ ਕਿ ਉਹ ਹੋਰ ਸੰਸਾਰਿਕ ਮਰਿਯਾਦਾਵਾਂ, ਰੁਤਬੇ, ਪਰਿਵਾਰਿਕ ਰਿਸ਼ਤੇ ਆਦਿ ਤੋਂ ਬਿਲਕੁਲ ਮੁਨਕਰ ਹੋ ਜਾਂਦਾ ਹੈ। ਅਗਰ ਇਹੀ ਆਕਰਸ਼ਨ ਕਿਸੇ ਰੱਬੀ ਰੂਹ ਪ੍ਰਤੀ ਹੋ ਜਾਵੇ ਤਾਂ ਮਗਰ ਕੁਝ ਦਿੱਸਦਾ ਹੀ ਨਹੀਂ ਇਤਿਹਾਸ ਏਸ ਦੀ ਗਵਾਹੀ ਭਰਦਾ ਹੈ ਕਿ ਜਦੋਂ ਇੱਕ ਇਨਸਾਨ ਕਿਸੇ ਗੁਰੂ-ਪੀਰ ਦੀ ਸੰਗਤ ਵਿੱਚ ਆਉਣ ਤੇ ਇਨਸਾਨੀ ਬਿਰਤੀ ਦੇ ਵਿੱਚ ਵੱਡੇ ਬਦਲਾਵ ਦਾ ਕਾਰਨ ਬਣਿਆ।

ਏਸੇ ਹੀ ਇਕ ਬਦਲਾਵ ਦਾ ਪਾਤਰ ਬਣਿਆ ਬਾਬਾ ਝੰਡਾ ਸਿੰਘ ਜਿਲਾ ਗੁਰਦਾਸਪੁਰ ਦਾ ਕਸਬਾ ਧਾਰੀਵਾਲ ਵੱਸੋਂ ਤਹਿਤ ਛੋਟਾ ਪਿੰਡ ਕੰਗ ਦਾ ਨਿਵਾਸੀ। ਜੋ ਆਮ ਇਨਸਾਨੀ ਬਿਰਤੀ ਵਾਲਾ ਇਨਸਾਨ ਸੀ: ਸੰਸਾਰਿਕ ਰੁਤਬੇ ਵਿੱਚ ਨੰਬਰਦਾਰ। ਜੀਵਨ ਵਿੱਚ ਨਿਗੁਰੇ ਪਣ ਵਾਲੀਆਂ ਝਾਕੀਆਂ ਆਮ ਕਰਕੇ ਦਿਖਾਈ ਦਿੰਦੀਆਂ ਸਨ। ਸੰਸਾਰਿਕ ਸੁੱਖ ਸੁਵਿਧਾਵਾਂ ਹੋਣ ਦੇ ਬਾਵਜੂਦ ਮਨ ਅਸ਼ਾਂਤ ਰਹਿੰਦਾ, ਜ਼ਿੰਦਗੀ ਵਿੱਚ ਇਕ ਘਾਟ ਜਿਹੀ ਮਹਿਸੂਸ ਹੁੰਦੀ। ਇਕ ਦਿਨ ਪਿੰਡ ਵਿੱਚ ਇਕ ਗੱਲ ਉੱਡੀ ਕਿ ਨਾਲ ਦੇ ਪਿੰਡ ਸੋਹਲ ਵਿਖੇ ਕੂਕਿਆਂ ਦਾ ਗੁਰੂ ਆਉਣਾ ਹੈ, ਜਿਸ ਦੇ ਦਰਸ਼ਨ ਮੇਲੇ ਕਰਕੇ ਪਿੰਡ ਦੇ ਦੋ ਚਾਰ ਜਣੇ ਜਾ ਰਹੇ ਸਨ। ਝੰਡਾ ਸਿਉਂ ਅੱਗੇ ਵੀ ਕਈ ਵਾਰ ਐਸੀ ਸੋਅ ਸੁਣਦਾ ਹੁੰਦਾ ਸੀ, ਪਰ ਸੰਸਾਰਿਕ ਮਾਇਆ ਵਿੱਚ ਗ੍ਰਸਤ ਹੋਣ ਕਾਰਨ ਵਧੇਰੇ ਰੁਚੀ ਉਧਰ ਨਾਂ ਜਾ ਸਕੀ ਪਰੰਤੂ ਏਸ ਵਾਰ ਪਿੰਡ ਵਾਲਿਆਂ ਨਾਲ ਰੌਣਕ ਮੇਲਾ ਦੇਖਣ ਨੂੰ ਜਾਣ ਲਈ ਤਿਆਰ ਹੋ ਗਿਆ।

ਨੀਯਤ ਮਿਤੀ ਤੇ ਝੰਡਾ ਸਿਉਂ ਆਪਣੇ ਸਾਥੀਆਂ ਸਮੇਤ ਪਿੰਡ ਸੋਹਲ ਪੁੱਜ ਜਾਂਦਾ ਹੈ। ਦੇਖਦਾ ਹੈ ਸਫੈਦ ਰੰਗ ਵਿੱਚ ਰੰਗੀਆਂ ਹੰਸਾਂ ਰੂਪੀ ਰੂਹਾਂ ਕਿਸੇ ਵਿਸ਼ੇਸ਼ ਮਹਿਮਾਨ ਦੀ ਉਡੀਕ ਵਿੱਚ ਹਨ। ਪੰਡਾਲ ਵਿੱਚ ਬੈਠਿਆ ਹਰ ਇਕ, ਧੌਣ ਉੱਚੀ ਕਰ ਬਾਰ-ਬਾਰ ਰਸਤੇ ਵੱਲ ਵੇਖ ਰਿਹਾ ਹੈ। ਇੱਕ ਦਮ ਪੰਡਾਲ ਵਿੱਚ ਸੰਨਾਟਾ ਛਾ ਜਾਂਦਾ ਹੈ। ਉਹ ਦੇਖਦਾ ਹੈ ਕਿ "ਦੇਵਾਨ ਦੇਵ, ਸ਼ਾਹਾਨ ਸ਼ਾਹ" ਰੂਪੀ ਇੱਕ ਸ਼ਖ਼ਸੀਅਤ ਜਿਸ ਦੇ ਸਫੈਦ ਬਸਤਰ, ਗਲ ਵਿੱਚ ਉੱਨ ਦੀ ਮਾਲਾ ਜੋ ਇੱਕ ਇਕ ਮਣਕੇ ਤੋਂ ਖੰਡਾਂ ਬ੍ਰਹਿਮੰਡਾਂ ਨੂੰ ਸਮੋਏ ਹੋਣ ਦੀ ਪ੍ਰਤੀਕ ਲੱਗ ਰਹੀ ਸੀ। ਜਿਸ ਦੇ ਮੁੱਖ ਦੀ ਨਿਮਰਤਾ, ਮਿਠਾਸ ਸੰਸਾਰਿਕ ਰੁਤਬਿਆਂ ਨੂੰ ਸ਼ਰਮਸਾਰ ਕਰ ਰਹੀ ਸੀ। ਹਰ ਇਨਸਾਨ ਉਸ ਤੋਂ ਬਲਿਹਾਰ ਜਾ ਰਿਹਾ ਸੀ, ਦੇਖਣ ਨੂੰ ਉਤਾਵਲਾ ਹੋ ਰਿਹਾ ਸੀ ਪਤਾ ਨਹੀਂ ਕੈਸੀ ਖਿੱਚ ਸੀ ਓਸ ਸ਼ਖਸੀਅਤ ਦੇ ਨੂਰਾਨੀ ਮੁੱਖ ਉੱਤੇ, ਹਰ ਕੋਈ ਅੱਖ ਉਸਨੂੰ ਦੇਖੀ ਹੀ ਜਾਣਾ ਚਹੁੰਦੀ ਸੀ। ਉਸਦਾ ਜਲੌਅ ਦੇਖ ਕਿਸੇ ਅਮੀਰ ਜਾਂ ਵਜੀਰ ਦਾ ਝਲਕਾਰਾ ਪੈ ਰਿਹਾ ਸੀ। ਪ੍ਰੰਤੂ ਉਸਦੇ ਜੋੜੇ ਹੋਏ ਹਸਤ ਕਮਲਾਂ ਤੋਂ ਇਕ ਫਕੀਰ ਦੀ ਦਿੱਖ ਵੀ ਪੈ ਰਹੀ ਸੀ। ਇਹ ਸਮਾਂ ਸੀ ਜਦੋਂ ਸ੍ਰਿਸਟੀ ਦੇ ਮਾਲਿਕ, ਟੁੱਟੀ ਗੰਢਨਹਾਰ ਸੁਆਮੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਲੋਕਾਈ ਦੇ ਤਾਰਨ ਹਿੱਤ ਸੰਸਾਰਿਕ ਯਾਤਰਾਵਾਂ ਕਰ ਰਹੇ ਸਨ।

ਇਹ ਸਭ ਕੁਝ ਨੂੰ ਝੰਡਾ ਸਿੰਘ ਜਿਉਂ ਦਾ ਤਿਉਂ ਹੀ ਖੜ੍ਹਾ ਦੇਖੀ ਜਾ ਰਿਹਾ ਸੀ, ਮਨ ਵਿੱਚ ਕਈ ਉਤਾਰ ਚੜ੍ਹਾਅ ਆ ਰਹੇ ਸਨ। ਲੱਖਾਂ ਵਲਵਲੇ ਪੈਦਾ ਹੋ ਰਹੇ ਸਨ ਸੰਕਲਪ, ਵਿਕਲਪ ਵੀ ਉਛਾਲੇ ਮਾਰ ਰਹੇ ਸਨ। ਸਤਿਗੁਰੂ ਜੀ ਆਪਣੇ ਸਿੱਖਾਂ ਸੇਵਕਾਂ ਸਹਿਤ ਉਸ ਸੱਚਖੰਡ ਰੂਪੀ ਵਾਤਾਵਰਨ ਵਿੱਚ ਸੁਭਾਇਮਾਨ ਇੰਝ ਸੋਭਾ ਪਾ ਰਹੇ ਸਨ ਜਿਸ ਨੂੰ ਦੇਖ ਇੰਦ੍ਰ ਰਾਜ ਵੀ ਫਿੱਕਾ ਲੱਗਣ ਲੱਗ ਪਵੇ। ਸ਼ਰਧਾਲੂ ਸਤਿਗੁਰੂ ਜੀ ਨੂੰ ਨਤਮਸਤਕ ਹੁੰਦੇ ਹਨ। ਝੰਡਾ

ਸਿੰਘ ਦੇ ਮਨ ਵਿੱਚ ਸੰਕਲਪ ਨੇ ਉਛਾਲਾ ਮਾਰਿਆ "ਚੱਲ ਮਨਾ ਤੂੰ ਵੀ ਮੱਥਾ ਟੇਕ ਲੈ" ਪਰ ਅਚਾਨਕ ਦੇਖਦਾ ਹੈ ਕਿ ਕੁਝ ਲੋਕਾਂ ਨੂੰ ਸਤਿਗੁਰੂ ਜੀ ਦੇ ਨਿਕਟਵਰਤੀਆਂ ਦੁਆਰਾ ਕੰਨ ਵਿੱਚ ਕੁਝ ਕਹਿਆ ਜਾ ਰਿਹਾ ਹੈ। ਜਿਸ ਨਾਲ ਉਹਨਾਂ ਦੀ ਬਿਰਤੀ ਵਿੱਚ ਇੱਕ ਵੱਖਰਾ ਹੀ ਬਦਲਾਵ ਦੇਖਣ ਨੂੰ ਲੱਗ ਰਿਹਾ ਸੀ। ਇਹ ਸਭ ਦੇਖ ਝੰਡਾ ਸਿੰਘ ਬਹੁਤ ਹੈਰਾਨ ਹੋਇਆ, ਇੱਕ ਨੂੰ ਪੁੱਛਦਾ ਹੈ, ਇਹ ਸਭ ਕੀ ਹੋ ਰਹਿਆ ਹੈ, ਕੰਨ ਵਿੱਚ ਕੀ ਦੱਸ ਰਹੇ ਹਨ। ਅੱਗੋਂ ਜਵਾਬ ਮਿਲਦਾ ਹੈ ਇਹ ਕੰਨ ਵਿੱਚ ਨਾਮ ਦੱਸਿਆ ਜਾ ਰਿਹਾ ਹੈ। "ਸਰਬ ਰੋਗ ਕਾ ਅਉਖਦੁ ਨਾਮੁ"

ਝੰਡਾ ਸਿਉਂ ਦੁਬਾਰਾ ਪੁੱਛਦਾ ਹੈ "ਨਾਮ! ਕਿਸਦਾ ਨਾਮ?" ਅਗੋਂ ਜਵਾਬ ਆਇਆ, ਗੁਰਮੰਤਰ: ਗੁਰੂ ਦਾ ਨਾਮ ਹੈ ਪਰ ਇਹ ਮੈਂ ਨਹੀਂ ਦੱਸ ਸਕਦਾ, ਮੈਨੂੰ ਦੱਸਣ ਦਾ ਹੁਕਮ ਨਹੀਂ ਅਗਰ ਤੂੰ ਜਾਨਣਾ ਹੈ ਤਾਂ ਆਪ ਪੁੱਛ ਲੈ।"

"ਓ ਛੱਡ ਮਨਾ। ਸਰਦਾਰੀਆਂ ਭੋਗਦੇ ਆਂ ਐਵੇਂ ਨਾਂ ਕਿਤੇ ਮੱਤ ਬੁੱਧ ਗਵਾ ਬੈਠੀਏ" ਇਹ ਸੰਕਲਪ ਲੈ ਝੰਡਾ ਸਿਉਂ ਪਿੱਛੇ ਹੋ ਕੇ ਬੈਠ ਗਿਆ।

ਕਾਫੀ ਦੇਰ ਬੈਠਿਆ ਰਹਿੰਦਾ ਹੈ, ਦੇਖਦਾ ਰਹਿੰਦਾ ਹੈ।

ਇੱਕ ਵਾਰ ਫੇਰ ਉਸਦੇ ਮਨ ਵਿੱਚ ਫੁਰਨਾ ਫੁਰਿਆ "ਇੱਕ ਵਾਰੀ ਪੁੱਛ ਕੇ ਵੇਖ ਈ ਲੈਨੇ ਆ ਜੋ ਹੋਊਗਾ ਦੇਖਿਆ ਜਾਊ।"

ਝੰਡਾ ਸਿਉਂ ਦੇ ਪੂਰਬਲੇ ਕਰਮ ਨੇ ਉਛਾਲਾ ਮਾਰਿਆ। ਜ਼ਮੀਨ ਤੋਂ ਉੱਠਿਆ ਤੇ ਸਿੱਧਾ ਸਤਿਗੁਰੂ ਜੀ ਦੇ ਨਜ਼ਦੀਕ ਜਾ ਖਲੋਤਾ ਸਤਿਗੁਰੂ ਜੀ ਦੇ ਪਾਸ ਖੜੇ ਸੇਵਕ ਨੂੰ ਬੋਲਦਾ ਹੈ "ਮੈਂ ਵੀ ਨਾਮ ਲੈਣਾ ਹੈ ਪਰੰਤੂ ਮੇਰੀ ਇੱਕ ਸ਼ਰਤ ਹੈ"

"ਸ਼ਰਤ! ਕੈਸੀ ਸ਼ਰਤ?" ਸੇਵਕ ਨੇ ਪੁੱਛਿਆ।

"ਨਾਮ ਮੈਂ ਤਾਂ ਲੈਣਾ ਜੇ ਤੁਹਾਡਾ ਗੁਰੂ ਮੈਨੂੰ ਆਪ ਨਾਮ ਦੇਵੇ, ਨਹੀਂ ਤਾਂ ਮੈਂ ਨਹੀਂ ਲੈਣਾ।" ਸਿੱਖ ਨੇ ਪਿਆਰ ਭਰੀਆਂ ਨਿਗਾਹਾਂ ਨਾਲ ਝੰਡਾ ਸਿਉਂ ਵੱਲ ਤੱਕਿਆ ਤੇ ਬੋਲਿਆ "ਚੱਲ ਆ ਮੈਂ ਸਤਿਗੁਰੂ ਜੀ ਪਾਸ ਤੇਰੀ ਅਰਜ਼ ਕਰਦਾ ਹਾਂ ਬਾਕੀ ਅੱਗੋਂ ਉਹਨਾਂ ਦੀ ਰਜ਼ਾ ਅਤੇ ਤੇਰੇ ਕਰਮ।

ਸਿੱਖ ਨੇ ਸਤਿਗੁਰੂ ਜੀ ਦੇ ਚਰਨਾਂ 'ਚ ਅਰਜ਼ ਕੀਤੀ "ਗਰੀਬ ਨਿਵਾਜ ਜੀ ਇਹ ਕਹਿੰਦਾ ਹੈ ਮੈਂ ਭਜਨ ਆਪ ਜੀ ਕੋਲੋਂ ਪੁੱਛਣਾ ਹੈ।" ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥ ਸਤਿਗੁਰੂ ਜੀ ਰਹਿਮਤ ਦੇ ਘਰ ਵਿੱਚ ਆ ਝੰਡਾ ਸਿੰਘ ਵੱਲ ਤੱਕਿਆ ਬੱਸ "ਨਾਨਕ ਨਦਰੀ ਨਦਰਿ ਨਿਹਾਲ" ਕਰ ਦਿੱਤਾ। ਸਤਿਗੁਰੂ ਜੀ ਕ੍ਰਿਪਾ ਦੇ ਘਰ ਵਿੱਚ ਆ "ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ" ਝੰਡਾ ਸਿੰਘ ਨੂੰ ਬਾਂਹ ਤੋਂ ਫੜ੍ਹ ਕੰਨ ਵਿੱਚ ਭਜਨ ਦੇ ਦਿੱਤਾ, ਉਪਦੇਸ਼ ਦਿੱਤਾ, ਜੀਵਨ ਪਲਟਾ ਖਾ ਗਿਆ। ਸਰਦਾਰੀਆਂ ਭੋਗਣ ਵਾਲਾ ਜੀਵਨ ਸਦਾ ਲਈ ਗੁਰੂ ਚਰਨਾਂ ਦਾ ਭੌਰਾ ਬਣ ਕੇ ਰਹਿ ਗਿਆ। ਬਸ ਫਿਰ ਕੀ "ਮੈਂ ਹੋ ਗਈ ਹੋਰ ਦੀ ਹੋਰ ਜੀ, ਮੈਨੂੰ ਕੌਣ ਪਛਾਣੇ?"

ਅੱਜ ਇੱਕ ਨਵਾਂ ਜੀਵਨ ਪਾ ਝੰਡਾ ਸਿਉਂ ਪਿੰਡ ਵਿੱਚ ਬਾਬਾ ਝੰਡਾ ਸਿੰਘ ਕਹਿ ਕੇ ਸਤਿਕਾਰਿਆ ਜਾਣ ਲੱਗਾ। ਪਿੰਡ ਵਿਚ ਦੋ ਝੰਡਾ ਸਿੰਘ ਨਾਮਕ ਵਿਅਕਤੀ ਹੋਰ ਵੀ ਸਨ, ਪਰੰਤੂ ਕੀਤੇ ਹੋਏ ਬਚਨ ਪ੍ਰਤੀ ਨਿਸ਼ਠਾਵਾਨ ਹੋ ਕੇ ਸੱਚਾਈ ਤੇ ਪਹਿਰਾ ਦੇਣ ਕਾਰਨ ਲੋਕ ਇਸ ਨੂੰ ਅਸਲੀ ਝੰਡਾ ਸਿੰਘ ਕਹਿਣ ਲੱਗ ਪਏ। ਬਾਬਾ ਝੰਡਾ ਸਿੰਘ ਦਾ ਪਰਿਵਾਰ ਕਾਫ਼ੀ ਵੱਡਾ ਸੀ, ਚਾਚੇ, ਤਾਏ, ਭਾਈ, ਭਤੀਜੇ ਹਰ ਇੱਕ ਇੱਜਤ ਕਰਨ ਲੱਗ ਪਿਆ।

ਸਾਰਾ-ਸਾਰਾ ਦਿਨ ਕਿਰਤ ਕਰਦੇ ਭਜਨ ਕਰਦੇ ਰਹਿਣਾ। ਸਵੇਰੇ ਦੋ ਵਜੇ ਤੋਂ ਬਾਅਦ ਨੀਂਦ ਦਾ ਖਿਆਲ ਵੀ ਮਨੋ ਵਿਸਰ ਜਾਣਾ, ਸੁੱਚ ਸੋਧ ਦਾ ਧਾਰਨੀ ਬਣ ਬਾਬਾ ਗਲੀਆਂ ਵਿੱਚ ਗਾਉਂਦਾ ਫਿਰਦਾ

"ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥"

ਉੱਚੀ ਹੇਕ ਲਗਾ ਕੇ ਪੜਦਾ

"ਸਤਿਗੁਰ ਦੀ ਪੈਂਦੀ ਲੋੜ, ਮੁਸ਼ਕਿਲ ਬਣਦੀ ਨੂੰ"

ਇੱਕ ਰਾਤ ਪਿੰਡ ਵਿਚੋਂ ਲੰਘਦੀ ਨਹਿਰ ਕਿਨਾਰੇ ਲੱਗੇ ਰੁੱਖ ਕੋਈ ਚੋਰੀ ਵੱਢ ਕੇ ਲੈ ਗਿਆ। ਪਿੰਡ ਵਾਸੀਆਂ ਨੂੰ ਦਿਨ ਚੜਦੇ ਹੀ ਪਤਾ ਲੱਗ ਗਿਆ ਕਿ ਇਹ ਹਰਕਤ ਪਿੰਡ ਦੇ ਇਕ ਵਸਨੀਕ ਨੇ ਕੀਤੀ ਹੈ, ਜੋ ਰਿਸ਼ਤੇ ਵਿੱਚ ਬਾਬੇ ਦਾ ਭਤੀਜਾ ਲੱਗਦਾ ਸੀ। ਆਖਿਰਕਾਰ ਨਜ਼ਦੀਕੀ ਥਾਣੇ ਵਿੱਚ ਪਰਚਾ ਦਰਜ ਹੋਇਆ। ਕੇਸ ਬਣਿਆ। ਪਿੰਡ ਵਾਸੀਆਂ ਨੂੰ ਚੋਰ ਦਾ ਪਤਾ ਹੋਣ ਦੇ ਬਾਵਜੂਦ ਵੀ ਲਾਜ ਸ਼ਰਮ ਅਤੇ ਨੰਬਰਦਾਰ ਬਾਬਾ ਝੰਡਾ ਸਿੰਘ ਦਾ ਭਤੀਜਾ ਹੋਣ ਕਾਰਨ ਕੋਈ ਵੀ ਚੋਰ ਖਿਲਾਫ ਗਵਾਹੀ ਨਹੀਂ ਸੀ ਦੇਣਾ ਚਹੁੰਦਾ, ਕਿਸੇ ਵਿੱਚ ਹਿੰਮਤ ਨਹੀਂ ਸੀ ਪਰੰਤੂ ਬਾਬੇ ਦਾ ਭਤੀਜਾ ਤੇ ਉਸ ਦੇ ਸਾਥੀਆਂ ਨੂੰ ਇੱਕੋ ਹੀ ਚਿੰਤਾ ਸਤਾ ਰਹੀ ਸੀ ਕਿ ਜਦੋਂ ਮੁਕੱਦਮਾਂ ਚੱਲਿਆ ਤਾਂ ਤਾਏ ਨੰਬਰਦਾਰ ਨੇ ਸੱਚ ਬੋਲ ਕੇ ਸਾਨੂੰ ਹੱਥ ਕੜੀਆਂ ਲਗਵਾ ਦੇਣੀਆਂ ਹਨ। ਕਿਸੇ ਤਰੀਕੇ ਪਰਿਵਾਰਕ ਹਿੱਤਾਂ ਦਾ ਤਰਲਾ ਮਾਰ ਇਹਨਾਂ ਬਾਬੇ ਨੂੰ ਇਸ ਗੱਲ ਲਈ ਮਨਾਂ ਲਿਆ ਕਿ ਮੁਕੱਦਮਾ ਚੱਲਣ ਵੇਲੇ ਪਿੰਡ ਵਿੱਚ ਜਦੋਂ ਤਹਿਸੀਲਦਾਰ ਆਵੇ ਤਾਂ ਤੂੰ ਮੁੱਕਦਮੇ ਵਿੱਚ ਬਿਲਕੁਲ ਹਾਜ਼ਿਰ ਨਾ ਹੋਵੀਂ।

ਮੁਕੱਦਮੇ ਦੀ ਤਰੀਕ ਆਈ, ਤਹਿਸੀਲਦਾਰ ਪਿੰਡ ਵਿੱਚ ਲੋਕ ਅਦਾਲਤ ਲੱਗਾ ਬੈਠ ਗਿਆ। ਉਧਰ ਬਾਬਾ ਪਿੰਡੋਂ ਬਾਹਰ ਦੂਰ ਨਹਿਰ ਕਿਨਾਰੇ ਭਜਨ ਕਰਨ ਨੂੰ ਚਲਾ ਗਿਆ। ਮੁੱਕਦਮਾ ਸ਼ੁਰੂ ਹੋਇਆ, ਪਰੰਤੂ ਪਿੰਡ ਵਿੱਚੋਂ ਕਿਸੇ ਵੀ ਚੋਰੀ ਕਰਨ ਵਾਲੇ ਦਾ ਨਾਮ ਨਹੀਂ ਲਿਆ, ਕੇਸ ਕਿਸੇ ਬੰਨੇ ਨਾਂ ਲੱਗਦਾ ਵੇਖ ਤਹਿਸੀਲਦਾਰ ਪਰੇਸ਼ਾਨ ਹੋ ਕੇ ਵਾਪਿਸ ਮੁੜਿਆ। ਅਗਲੇ ਦਿਨ ਉਸਦੇ ਨਾਲ ਦੇ ਕਰਮਚਾਰੀਆਂ ਨੇ ਦੱਸਿਆ ਕਿ ਪਿੰਡ ਵਿੱਚ ਇਕੋ-ਇਕ ਬੰਦਾ ਹੈ ਜੋ ਸੱਚ ਦੱਸ ਸਕਦਾ ਹੈ ਉਹ ਹੈ ਬਾਬਾ ਝੰਡਾ ਸਿੰਘ। ਅਗਲੇ ਦਿਨ ਅਦਾਲਤ ਦੁਬਾਰਾ ਲੱਗੀ, ਤਹਿਸੀਲਦਾਰ ਇਸ ਗੱਲ ਤੇ ਅੜ ਗਿਆ ਕਿ ਬਿਨਾਂ ਬਾਬੇ ਦੇ ਆਇਆਂ ਇਹ ਫੈਸਲਾ ਅੱਗੇ ਨਹੀਂ ਤੁਰਦਾ "ਬਾਬੇ ਨੂੰ ਲਿਆਂਦਾ ਜਾਵੇ।"

ਅਖਿਰਕਾਰ ਬਾਬੇ ਨੂੰ ਲੱਭ ਕੇ ਮੁਕੱਦਮੇ ਵਿੱਚ ਲਿਆਂਦਾ ਗਿਆ। ਬਾਬੇ ਦਾ ਸਫੈਦ ਬਾਣਾ, ਹੱਥ ਵਿੱਚ ਘੁੰਮਦੀ ਸੁੰਦਰ ਮਾਲਾ, ਚੇਹਰੇ ਤੇ ਨੂਰਾਨੀ ਰੰਗਤ ਦੇਖ ਤਹਿਸੀਲਦਾਰ ਨੇ ਬਾਬੇ ਨੂੰ ਆਪ ਨਮਸਕਾਰ ਕੀਤੀ ਅਤੇ ਸਾਰੀ ਵਾਰਤਾ ਬਾਬੇ ਅੱਗੇ ਰੱਖੀ ਤੇ ਬੋਲਿਆ ਕਿ ਬਾਬਾ ਤੇਰੇ ਬਗੈਰ ਇਹ ਕੇਸ ਨਹੀਂ ਬੰਨੇ ਲੱਗਣਾ। ਬਾਬੇ ਨੇ ਸਾਰੀ ਵਾਰਤਾ ਸੁਣ ਤਹਿਸੀਲਦਾਰ ਨੂੰ ਬੋਲਿਆ "ਜੀ ਹਾਂ ਰੁੱਖ ਮੇਰੇ ਭਤੀਜੀਆਂ ਨੇ ਵੱਡ ਕੇ ਸੁਹਾਗਾ ਬਣਾਇਆ ਹੈ ਪਰੰਤੂ ਹੁਣ ਤੁਹਾਡੇ ਸਨਮੁੱਖ ਬੇਨਤੀ ਹੈ ਕਿ ਜੋ ਵੀ ਹਰਜਾਨਾ ਹੋਵੇਗਾ ਇਹਨਾਂ ਦੀ ਤਰਫੋਂ ਮੈ ਦੇਣ ਲਈ ਤਿਆਰ ਹਾਂ। ਇਹਨਾਂ ਦੀ ਮਾਫੀ ਕਰਵਾ ਦਿੱਤੀ ਜਾਵੇ।" ਤਹਿਸੀਲਦਾਰ ਨੇ ਬਿਲਕੁਲ ਇਸੇ ਤਰ੍ਹਾਂ ਕੀਤੀ ਥੋੜਾ ਜ਼ੁਰਮਾਨਾ ਲਗਵਾ ਕੇ ਬਰੀ ਕਰ ਦਿੱਤੇ। ਸਮਾਂ ਆਪਣੀ ਚਾਲੇ ਚੱਲਦਾ ਗਿਆ, ਬਾਬੇ ਨੂੰ ਹਰ ਮੁੱਕਦਮੇ ਵਿੱਚ ਸੱਦਿਆ ਜਾਂਦਾ। ਆਖਰੀ ਫੈਸਲਾ ਬਾਬੇ ਦੀ ਗਵਾਹੀ ਤੇ ਹੁੰਦਾ। ਅਖੀਰ ਬਾਬਾ ਅਜਿਹੀਆਂ ਗਵਾਹੀਆਂ ਤੋਂ ਤੰਗ ਆ ਚੁੱਕਾ ਸੀ ਜੋ ਭਜਨ ਕਰਨ ਵਿੱਚ ਵਿਗਨ ਬਣਦੀਆਂ ਸਨ ਆਖਿਰਕਾਰ "ਸਰਵਰ ਹੋ ਇਕੇ ਔਲੀਆਂ ਅੰਬੀਆਂ ਦਾ ਅੱਗੇ ਹੱਕ ਦੇ ਆਪ ਨੂੰ ਖਾਕ ਕੀਤਾ।" ਬਾਬੇ ਨੇ ਨੰਬਰਦਾਰੀ ਸਰਦਾਰੀ ਨੂੰ ਸਤਿਗੁਰੂ ਦੀ ਸਿੱਖੀ ਅੱਗੇ ਤੁੱਛ ਸਮਝਦਿਆਂ ਨੰਬਰਦਾਰੀ ਤਿਆਗ ਦਿੱਤੀ।

ਹੁਣ ਬਾਬਾ ਤਹਿਤ ਮਨ ਨਾਮ ਰਸ ਵਿੱਚ ਰੰਗਿਆ ਰਹਿੰਦਾ। ਕੁਝ ਸਮਾਂ ਬੀਤਣ ਤੇ ਬਾਬੇ ਦਾ ਇਕਲੋਤਾ ਪੁੱਤਰ ਸਾਧੂ ਸਿੰਘ ਬਿਮਾਰ ਰਹਿਣ ਲੱਗ ਪਿਆ "ਮਰਜ ਬੜਤਾ ਗਿਆ ਜਿਉਂ-ਜਿਉਂ ਦਵਾ ਕੀ" ਦਵਾਈ ਬੂਟੀ ਕਰਵਾਈ, ਹਰ ਯਤਨ ਕੀਤਾ, ਪਰੰਤੂ ਸਾਧੂ ਸਿੰਘ, ਪਿਛੇ ਆਪਣਾ 8 ਸਾਲ ਦਾ ਪੁੱਤਰ ਛੱਡ ਆਸਾਰ ਸੰਸਾਰ ਨੂੰ ਅਲਵਿਦਾ ਕਹਿ ਗਿਆ। ਸਾਰਾ ਪਿੰਡ ਬਾਬੇ ਦੇ ਪੁੱਤਰ ਦੀ ਮੌਤ ਦੀ ਖ਼ਬਰ ਸੁਣ ਅਫਸੋਸ ਨੂੰ ਆ ਰਿਹਾ ਸੀ ਪਰੰਤੂ ਬਾਬਾ ਸਤਿਗੁਰੂ ਦੇ ਰੰਗ ਵਿੱਚ ਰੰਗਿਆ ਗਲ ਵਿੱਚ ਢੋਲਕੀ ਪਾ ਉੱਚੀ-ਉੱਚੀ ਪੜ ਰਿਹਾ ਸੀ-

'ਤੇਰਾ ਭਾਣਾ ਮੀਠਾ ਲਾਗੈ...,

'ਦੁਖ ਸੁਖ ਦੋਊ ਸਮ ਕਰਿ ਜਾਨੈ...,

ਸਮੇਂ ਨੇ ਪਲਟਾ ਲਿਆ, ਬਾਬੇ ਦਾ ਪੋਤਰਾ ਉਮਰ ਵਿੱਚ ਨਿੱਕਾ ਹੋਣ ਕਾਰਨ ਘਰੇਲੂ ਜਿੰਮੇਵਾਰੀਆਂ ਇੱਕ ਵਾਰ ਫੇਰ ਬਾਬੇ ਦੇ ਸਿਰ ਆ ਪਈਆਂ। ਬਾਬਾ ਆਪਣੇ ਪੋਤਰੇ ਨੂੰ ਜਿੱਥੇ ਖੇਤੀ ਬਾੜੀ ਕਾਰ ਵਿਹਾਰ ਸਿਖਾਉਂਦਾ ਉਥੇ ਰੋਜ਼ ਇਕ ਗੱਲ ਜ਼ਰੂਰ ਦਹੁਰਾਉਂਦਾ ਪੁੱਤ ਭੈਣੀ ਸਾਹਿਬ ਨਾ ਛੱਡੀ, ਹੋਲੇ ਮੇਲੇ ਨਾ ਛੱਡੀਂ, ਇਹ ਸਾਰਾ ਕੁਝ ਸਤਿਗੁਰਾਂ ਦਾ ਜਾਣੀ"

"ਸਦਾ ਸਤਿਗੁਰਾਂ ਦਾ ਬਣ ਕੇ ਰਹੀਂ"

"ਕਿਤੇ ਟੁੱਟ ਨਾਂ ਗੁਰਾਂ ਨਾਲੋਂ ਜਾਵੀਂ

ਦੁਨੀਆਂ 'ਚ ਰੁੱਲ ਜਾਵੇਂਗਾ"

ਸਮਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਆਇਆ

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ" ਸਤਿਗੁਰੂ ਜੀ ਓਹੀ ਪ੍ਰੇਮ ਪਿਆਰ ਨਾਲ ਨਿਵਾਜਿਆ। ਸਤਿਗੁਰੂ ਜੀ ਪਾਸੋਂ ਇੱਕ ਮੇਲਾ ਮਿਲਿਆ, ਸਤਿਗੁਰੂ ਜੀ ਦਰਸ਼ਨ ਦਿੱਤੇ ਬਾਬਾ ਸਤਿਗੁਰੂ ਜੀ ਅੱਗੇ ਹੱਥ ਜੋੜ ਖਲੋ ਗਿਆ। ਸਤਿਗੁਰੂ ਜੀ: "ਬਾਬਾ ਜੀ ਕੀ ਗੱਲ ਹੈ? "ਸੱਚੇ ਪਾਤਸ਼ਾਹੋ ਮੇਰੀ ਇਕੋ ਈ ਅਰਜ਼ ਆ ਕਿ ਮੇਲੇ ਵਿੱਚ ਤੁਹਾਡੇ ਉਠ ਵੀ ਕੜਾਹ ਪ੍ਰਸ਼ਾਦ ਛਕਣ ਤੇ ਘੋੜੇ ਵੀ ਕੜਾਹ ਖਾਣ।' ਬਾਬੇ ਨੇ ਆਪਣੀ ਭਾਵਨਾ ਜ਼ਾਹਰ ਕੀਤੀ।

ਸਤਿਗੁਰੂ ਜੀ ਮੁਸਕਰਾਏ "ਠੀਕ ਹੈ ਬਾਬਾ ਜਿਵੇਂ ਤੂੰ ਕਹੇਂ।" ਏਦਾਂ ਹੀ ਹੋਇਆ, ਬਾਬੇ ਨੇ ਮੇਲੇ 'ਚ ਪਦਾਰਥਾਂ ਦੇ ਅੰਬਾਰ ਲਗਾ ਦਿੱਤੇ। ਜਦੋਂ ਘੋੜੇ, ਊਠ ਕੜਾਹ ਖਾ ਰੱਜ ਜਾਂਦੇ ਤਾਂ ਬਾਬਾ ਮਸਰਾਂ ਦੇ ਖੇਤ 'ਚ ਛੱਡ ਦਿੰਦਾ, ਵਾਰੇ-ਵਾਰੇ ਜਾਂਦਾ। ਸਤਿਗੁਰੂ ਜੀ ਵੀ ਬਾਬੇ ਦੀ ਪਵਿਤ੍ਰ ਭਾਵਨਾ ਦੇਖ ਖੁਸ਼ ਹੁੰਦੇ। ਸਮਾਂ ਬੁਢੇਪੇ ਦਾ ਆਉਂਦਾ ਗਿਆ, ਦਿਨੋ ਦਿਨ ਬਾਬਾ ਪੋਤਰੇ ਨੂੰ ਸਿੱਖੀ 'ਚ ਪਰਪੱਕ ਕਰਦਾ ਘਰੇਲੂ ਕਾਰਗੁਜ਼ਾਰੀਆਂ ਸਿਖਾਉਂਦਾ। ਆਖਿਰਕਾਰ ਬਾਬਾ 99 ਸਾਲ ਦੀ ਸਵਾਸਾਂ ਦੀ ਪੂੰਜੀ ਭੋਗ, ਪੋਤਰੇ ਨੂੰ ਇਕੋ ਗੱਲ ਦਿੜਾਉਂਦਾ "ਪੁੱਤ, ਭੈਣੀ ਸਾਹਿਬ ਨਾ ਛੱਡੀਂ, ਹੋਲੇ ਮੇਲੇ ਨਾ ਛੱਡੀ, ਸਾਰਾ ਕੁਝ ਸਤਿਗੁਰਾਂ ਦਾ ਜਾਣੀ। ਸਦਾ ਸਤਿਗੁਰਾਂ ਦੇ ਚਰਨਾਂ ਦਾ ਭੌਰਾ ਬਣ ਕੇ ਰਹਿਣ ਦਾ ਉਪਦੇਸ਼ ਦੇ, ਬਾਬਾ ਸੰਸਾਰਿਕ ਯਾਤਰਾ ਪੂਰੀ ਕਰ ਸਤਿਗੁਰਾਂ ਦੇ ਚਰਨਾਂ 'ਚ ਜਾ ਬਿਰਾਜਿਆ।

# ਜ਼ੂਮ ਐਪ ਤੇ ਸਤਿਸੰਗ ਅਤੇ ਗੁਰਬਾਣੀ ਪਾਠ ਸਿਖਲਾਈ

### 24 ਮਈ 2020 ਨਾਮਧਾਰੀ ਸੰਗਤ ਵੈਨਕੂਵਰ (ਬੀ.ਸੀ.ਕੈਨੇਡਾ) ਵਲੋਂ ਨਾਮ ਸਿਮਰਨ ਅਤੇ ਕੀਰਤਨ

### ਸ੍ਰੀ ਸਤਿਗੁਰੂ ਜੀ ਦਾ ਉਪਦੇਸ਼

ਕਰੋਨਾ ਮਹਾਂਮਾਰੀ ਕਾਰਣ ਲਾਕ-ਡਾਊਨ ਦੌਰਾਨ ਜਿੱਥੇ ਸਾਰੇ ਸਮਾਜਕ ਅਤੇ ਧਾਰਮਿਕ ਪ੍ਰੋਗਰਾਮ ਬੰਦ ਹੋ ਗਏ ਹਨ। ਲੋਕਾਂ ਨੂੰ ਟਾਈਮ ਪਾਸ ਕਰਨਾ ਔਖਾ ਹੋਇਆ ਪਿਆ ਹੈ। ਇਸ ਸਮੇਂ ਦੀ ਵੀ ਨਾਮਧਾਰੀ ਸੰਗਤ ਨੇ ਸੁਵਰਤੋਂ ਕੀਤੀ ਹੈ। ਅਰੰਭ ਵਿੱਚ ਹੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਮੂਹ ਸੰਗਤਾਂ ਨੂੰ ਹੁਕਮ ਕੀਤਾ ਸੀ ਕਿ ਸਾਰੇ ਨਾਮਧਾਰੀ ਸਿੱਖ ਆਪਣੇ ਨਿਤਨੇਮ ਤੋਂ ਇਲਾਵਾ ਰੋਜਾਨਾ ਦੋ ਘੰਟੇ ਨਾਮ ਸਿਮਰਨ ਅਤੇ ਇੱਕ ਮਾਲਾ ਭਗੌਤੀਆਂ ਦੀ ਫੇਰ ਕੇ ਸਮੂਹ ਮਾਨਵਤਾ ਦੀ ਕਰੋਨਾ ਮਹਾਂਮਾਰੀ ਤੋਂ ਰੱਖਿਆ ਲਈ ਅਰਦਾਸ ਕਰੋ। ਇਸ ਗੁਰੂ ਹੁਕਮ ਤੇ ਫੁੱਲ ਚੜ੍ਹਾਉਂਦਿਆ ਦੇਸ਼ ਭਰ ਵਿਚ ਅਤੇ ਵਿਦੇਸ਼ਾਂ ਵਿਚ ਵੱਸਦੀਆਂ ਨਾਮਧਾਰੀ ਸੰਗਤਾਂ ਨੇ ਸਰਬੱਤ ਦੇ ਭਲੇ ਲਈ ਨਾਮ-ਸਿਮਰਨ ਦਾ ਪ੍ਰਵਾਹ ਜਾਰੀ ਕਰ ਦਿੱਤਾ। ਲਾਕ-ਡਾਊਨ ਕਾਰਨ ਸੰਗਤਾਂ ਗੁਰਦੁਆਰੇ ਜਾਂ ਧਰਮਸਾਲਾ ਵਿਚ ਇਕੱਠੀਆਂ ਨਹੀਂ ਸੀ ਹੋ ਸਕਦੀਆਂ। ਇਸ ਲਈ ਇੰਗਲੈਂਡ, ਅਮਰੀਕਾ, ਕੈਨੇਡਾ ਵਿੱਚ ਸੰਗਤਾਂ ਨੇ 'ਜ਼ੂਮ'ਕਾਨਫਰੰਸ ਐਪ ਰਾਹੀਂ ਘਰੋ-ਘਰੀ ਬੈਠਿਆਂ ਵੀ ਇਕੱਠੇ ਨਾਮ-ਸਿਮਰਨ ਅਤੇ ਕੀਰਤਨ, ਸਤਿਸੰਗ ਸ਼ੁਰੂ ਕੀਤਾ। ਆਪਣੇ ਆਪਣੇ ਦੇਸ਼ ਦੇ ਵਕਤ ਅਨੁਸਾਰ ਕੋਈ ਦਿਨ ਵਿੱਚ ਇੱਕ ਵਾਰ ਕੋਈ ਦੋ ਵਾਰ ਸਤਿਸੰਗ ਕਰਦੇ ਹਨ। ਇਨ੍ਹਾਂ ਨਾਲ ਕਈ ਹੋਰ ਦੇਸ਼ਾਂ ਤੋਂ ਇੰਗਲੈਂਡ, ਭਾਰਤ, ਨਿਊਜ਼ੀਲੈਂਡ, ਆਸਟ੍ਰੇਲੀਆ ਆਦਿ ਤੋਂ ਵੀ ਜੁੜਦੇ ਹਨ।

24 ਮਈ ਸ਼ਨੀਵਾਰ ਸ਼ਾਮ ਦਾ ਪ੍ਰੋਗਰਾਮ ਸਰੀ (ਵੈਨਕੂਵਰ-ਕੈਨੇਡਾ) ਅਤੇ ਨਿਊਯਾਰਕ ਦੀ ਸੰਗਤ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਸ਼ਾਮ ਦੇ 5:30 ਤੋਂ 6:30 ਨਾਮ ਸਿਮਰਨ ਕੀਤਾ ਗਿਆ। ਉਪਰੰਤ ਅੱਧੇ ਘੰਟੇ ਲਈ ਬੱਚਿਆਂ ਨੇ ਕੀਰਤਨ ਕੀਤਾ। ਨਾਮ ਸਿਮਰਨ ਦੇ ਅਰੰਭ ਦੀ ਅਰਦਾਸ 13 ਸਾਲ ਦੇ ਬੱਚੇ ਅਜੀਤ ਸਿੰਘ ਨੇ ਕੀਤੀ। ਉਸਤਾਦ ਦਵਿੰਦਰ ਸਿੰਘ ਦੇ ਸਿਖਾਏ ਇਹਨਾਂ ਬੱਚਿਆਂ ਨੇ ਕੀਰਤਨ ਵਿਚ ਭਾਗ ਲਿਆ : ਹਰਦੀਪ ਕੌਰ, ਹਰਨਾਮ ਕੌਰ, ਅਜੀਤ ਸਿੰਘ, ਕਾਕਾ ਬਲਕਾਰ ਸਿੰਘ, ਜੈਯਾ ਕੌਰ, ਬ੍ਰੀਯਾ ਕੌਰ, ਗਿਆਨ ਸਿੰਘ, ਗੁਰਲੀਨ ਕੌਰ, ਦਿਦਾਰ ਸਿੰਘ, ਸਤਵੰਤ ਕੌਰ, ਸੰਤ ਕੌਰ ਅਤੇ ਦਰਸ਼ਨ ਸਿੰਘ। ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਫੁਲਵਾੜੀ ਦੇ ਮਹਿਕਾਂ ਭਰੇ ਫੁੱਲ ਦਵਿੰਦਰ ਸਿੰਘ ਦੀ ਮੇਹਨਤ ਸਦਕਾ ਸਰੀ ਦੀ ਨਾਮਧਾਰੀ ਸੰਗਤ ਦੇ ਕ੍ਰੀਬ ਹਰ ਘਰ ਦੇ ਬੱਚੇ ਸੰਗੀਤ ਸਿਖਦੇ ਅਤੇ ਕੀਰਤਨ ਕਰਦੇ ਹਨ। 7 ਵਜੇ ਅਰਦਾਸ ਕਾਕਾ ਬਲਕਾਰ ਸਿੰਘ (ਉਸਤਾਦ ਨੱਥਾ ਸਿੰਘ ਜੀ ਦੇ ਪੜਪੋਤੇ) ਨੇ ਕੀਤੀ।

ਬੰਗਲੌਰ ਨਾਮਧਾਰੀ ਫਾਰਮ ਤੋਂ ਸ੍ਰੀ ਸਤਿਗੁਰੂ ਜੀ ਨੇ ਵੀ ਇਸ ਆਨਲਾਈਨ ਪ੍ਰੋਗਰਾਮ ਵਿਚ ਦਰਸ਼ਨ ਦਿੱਤੇ। ਜਿਵੇਂ ਸੰਗਤ ਵਿਚ ਦਰਸ਼ਨ ਦੇਣ ਤੇ ਜੈਕਾਰਾ ਗਜਾ ਕੇ ਗੁਰੂ-ਅਭਿਨੰਦਨ ਕੀਤਾ ਜਾਂਦਾ ਹੈ, ਏਸੇ ਤਰ੍ਹਾ ਜਦੋਂ ਇਸ ਐਪ ਤੇ ਜੁੜੀਆਂ ਸਾਰੀਆਂ ਸੰਗਤਾਂ ਨੇ ਦਰਸ਼ਨ ਕੀਤੇ ਤਾਂ ਜੈਕਾਰਾ ਗਜਾਇਆ ਗਿਆ। ਸ੍ਰੀ ਸਤਿਗੁਰੂ ਜੀ ਨੇ ਸਭ ਨੂੰ ਇਸ ਢੰਗ ਨਾਲ ਜੁੜ-ਮਿਲ ਕੇ ਸਤਿਸੰਗ ਕਰਨ ਲਈ ਖੁਸ਼ੀਆਂ ਬਖਸ਼ੀਆਂ ਅਤੇ ਸੰਗਤਾਂ ਨੂੰ ਸਦ-ਉਪਦੇਸ਼ ਦੇ ਕੇ ਨਿਵਾਜਿਆ।

## ਗੁਰ ਉਪਦੇਸ਼:



ਵੱਡੇ ਭਾਗਾਂ ਨਾਲ ਇਹ ਵਕਤ ਮਿਲਦਾ ਹੈ, ਸੱਚੇ ਪਾਤਸ਼ਾਹ ਕਿਰਪਾ ਕੀਤੀ ਹੈ, ਤੁਸੀਂ ਇਸ ਪਾਸੇ ਲੱਗੇ ਹੋ। ਤਗੜੇ ਹੋ ਕੇ ਏਸੇ ਤਰ੍ਹਾਂ ਨਾਮ ਸਿਮਰਨ ਕਰਦੇ ਰਹੋ। ਹੌਲੀ-ਹੌਲੀ ਲਾਕ-ਡਾਊਨ ਖੁਲ੍ਹ ਰਿਹਾ ਹੈ, ਤੁਸੀਂ ਆਪਣੇ ਕੰਮਾਂ ਤੇ ਲੱਗ ਜਾਣਾ ਹੈ। ਪਰ ਨਾਮ ਸਿਮਰਨ ਅਤੇ ਪਾਠ ਦੇ ਵਿੱਚ ਢਿੱਲ ਨਾ ਆਵੇ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਬੜੇ ਔਖੇ ਵਕਤ ਵਿਚ ਤੁਸੀਂ ਸੁਖੀ ਰਹੇ ਹੋ। ਕਿਸੇ ਨੂੰ ਕੋਈ ਥੋੜੀ-ਬਾਹਲੀ ਦਿੱਕਤ ਆਈ ਹੋਵੇ, ਨਹੀਂ ਤੇ ਸਾਰੇ ਨਾਮਧਾਰੀ ਠੀਕ ਰਹੇ ਹਨ। ਮੈਂ ਥੋੜੀ

ਜਹੀ ਅਰਜ ਕੀਤੀ ਸੀ ਤੇ ਸਾਧ ਸੰਗਤ ਨੇ ਬਹੁਤ ਮੰਨੀ ਹੈ। ਕਈਆਂ 2 ਘੰਟੇ, ਕਈਆਂ ਤਿੰਨ ਘੰਟੇ ਨਾਮ ਸਿਮਰਨ ਸ਼ੁਰੂ ਕੀਤਾ ਹੈ। ਇਸ ਗੱਲ ਦੀ ਬਹੁਤ ਖੁਸ਼ੀ ਹੈ। ਬਹੁਤ ਵਾਰੀ ਆਪਾਂ ਨਾਮ ਸਿਮਰਨ ਕੇਵਲ ਫਰਜ ਸਮਝ ਕੇ ਵਕਤ ਪੂਰਾ ਕਰਨ ਲਈ ਕਰਦੇ ਹਾਂ। ਨਾ ਨਾਲੋਂ ਉਹ ਵੀ ਚੰਗਾ ਹੈ ਪਰ ਸਾਨੂੰ ਨਾਮ ਸਿਮਰਨ ਦਾ ਸੁਆਦ ਆਉਣ ਲੱਗੇ। ਸਾਡੇ ਮਨ ਦੇ ਵੀਚਾਰ ਬੰਦ ਹੋ ਜਾਣ, ਕੋਈ 10-15 ਮਿੰਟ ਹੀ ਜੇ ਸਾਡਾ ਮਨ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਜੁੜੇ, ਤਾ ਕਿ ਸਾਨੂੰ ਨਾਮ ਜਪਣ ਦਾ ਅਨੰਦ ਆਇਆ ਕਰੇ।

ਦੂਸਰਾ ਜੋ ਤੁਸੀਂ ਪਾਠ ਸਿੱਖਦੇ ਹੋ, ਕੋਸ਼ਿਸ਼ ਕਰੋ ਥੋੜਾ-ਥੋੜਾ ਗੁਰਬਾਣੀ ਦਾ ਭਾਵ ਵੀ ਬੱਚਿਆਂ ਨੂੰ ਸਮਝ ਆਵੇ। ਤਾ ਕਿ ਜੋ ਸਾਨੂੰ ਸਤਿਗੁਰੂ-ਸੱਚੇਪਾਤਸ਼ਾਹ ਨੇ ਗੁਰਬਾਣੀ ਦੀ ਅਣਮੁੱਲੀ ਦਾਤ ਦਿੱਤੀ ਹੈ। ਗੁਰਬਾਣੀ ਕਿੰਨੀ ਉੱਚੀ ਹੈ, ਜਦੋਂ ਗੁਰਬਾਣੀ ਰਚੀ ਗਈ ਜਿੰਨੀ ਉਹਦੀ ਜਰੂਰਤ ਉਦੋਂ ਸੀ, ਉਹ ਹੁਕਮ ਹੁਣ ਵੀ ਓਨੇ ਹੀ ਰੈਲੇਵੈਂਟ(ਪ੍ਰਸੰਗਿਕ) ਨੇ। ਗੁਰਬਾਣੀ ਯੂਨੀਵਰਸਲ ਹੈ, ਉਹ ਸਦਾ ਹੀ ਸੱਚ ਹੈ। ਜੇ ਤੁਸੀ ਇਹ ਹੀ ਕੋਸ਼ਿਸ ਕਰੋ ਕਿ ਜੋ ਤੁਸੀਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਉਪਦੇਸ਼ ਸੁਣਿਆ ਹੈ, ਕਿਉਂਕਿ ਸੱਚੇ ਪਾਤਸ਼ਾਹ ਦੇ ਉਪਦੇਸ਼ ਗੁਰਬਾਣੀ ਤੇ ਅਧਾਰਤ ਹਨ। ਜੋ ਤੁਸੀਂ ਗੁਰਬਾਣੀ ਪੜੀ ਹੈ ਉਸ ਚੋਂ ਕੋਈ ਇੱਕ ਤੁੱਕ ਦਾ ਹੀ ਵਿਚਾਰ ਕਰ ਲਵੋ। ਸੱਚੇ ਪਾਤਸ਼ਾਹ ਦੇ ਕਿਸੇ ਬਚਨ ਦਾ ਵੀਚਾਰ ਕਰ ਲਵੋ। ਆਪਣੇ ਮਾਪਿਆਂ ਨਾਲ, ਘਰ ਦਿਆਂ ਨਾਲ ਸਤਿਗੁਰਾਂ ਦੇ ਬਚਨਾਂ ਤੇ ਵੀਚਾਰ ਕਰੋ। ਤੁਹਾਨੂੰ ਇਹ ਚੰਗਾ ਲੱਗਣ ਲੱਗ ਜਾਵੇਗਾ, ਸਿੱਖ ਪੰਥ ਅਤੇ ਸਾਡੇ ਸਤਿਗੁਰਾਂ ਦੀ ਗੁਰਬਾਣੀ ਵਿੱਚ ਦੱਸੇ ਅਸੂਲ ਕਿੰਨੇ ਉੱਚੇ ਨੇ, ਫੇਰ ਆਪਾਂ ਜਿੰਦਗੀ ਵਿਚ ਭਟਕਦੇ ਨਹੀਂ। ਬੱਚਿਆਂ ਨੂੰ ਵੀ ਸਿੱਖ ਹੋਣ ਤੇ ਮਾਣ ਮਹਿਸੂਸ ਹੋਵੇ ਜਿਸ ਤਰ੍ਹਾਂ ਸਾਨੂੰ ਸੱਚੇ ਪਾਤਸ਼ਾਹ ਨੇ ਇੱਕ ਅਕਾਲ ਪੁਰਖੁ ਨਾਲ ਜੋੜਿਆ ਹੈ, ਸਾਰੀ ਉਤਪਤੀ ਉਸੇ ਦੀ ਕੀਤੀ ਹੈ। ਜਦੋਂ ਅਸੀਂ ਏਸ ਰਸਤੇ ਤੇ ਚੱਲਾਂਗੇ, ਕੁਦਰਤੀ ਗੱਲ ਹੈ ਕਿ ਸਾਡੇ ਵਿਚੋਂ ਈਰਖਾ ਮੁੱਕ ਜਾਵੇਗੀ, ਭੇਦ-ਭਾਵ ਮੁੱਕ ਜਾਵੇਗਾ। ਬੜੀ ਖੁਸ਼ੀ ਹੈ ਤੁਸੀਂ ਇਹ ਪ੍ਰੋਗਰਾਮ ਕਰਦੇ ਹੋ, ਮੈਨੂੰ ਵੀ ਮਿਲਨ ਦਾ ਮੌਕਾ ਦਿੱਤਾ ਹੈ। ਤੁਹਾਡੇ ਕੋਈ ਸਵਾਲ ਹੋਣ ਜਰੂਰ ਭੇਜਿਆ ਕਰੋ। ਸ਼ਾਮ ਸਿੰਘ ਤੁਹਾਨੂੰ ਪਾਠ ਸਿਖਾਉਂਦਾ ਹੈ ਉਹਨੂੰ ਪੁੱਛ ਲਿਆ ਕਰੋ। ਤੁਹਾਡੇ ਕਮੇਟੀ ਮੈਂਬਰਾਂ ਨੂੰ ਅਤੇ ਜੋ ਗੁਰਬਾਣੀ ਨਾਲ ਜੁੜੇ ਹੋਏ ਨੇ ਉਨ੍ਹਾਂ ਨੂੰ ਵੀ ਪੁੱਛ ਲਿਆ ਕਰੋ, ਤਾ ਕਿ ਤੁਹਾਨੂੰ ਆਪਣੇ ਧਰਮ ਬਾਰੇ ਵੱਧ ਤੋਂ ਵੱਧ ਪਤਾ ਲੱਗੇ ਅਤੇ ਇਸਤੇ ਮਾਣ ਹੋਵੇ। ਇਹ ਅਪਾਰ ਕਿਰਪਾ ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਜੀ ਦੀ ਹੈ ਕਿ ਉਨ੍ਹਾ ਸਾਨੂੰ ਗੁਰਬਾਣੀ ਨਾਲ ਜੋੜਿਆ ਹੈ। ਜਦੋਂ ਆਪਾਂ ਅਰਦਾਸ ਕਰਦੇ ਹਾਂ, ਉਦੋਂ ਬਹੁਤ ਧਿਆਨ ਨਾਲ ਇਕਾਗਰ ਹੋ ਕੇ ਕਰਿਆ ਕਰੋ, ਇਹ ਮੰਗ ਮੰਗਿਆ ਕਰੋ ਕਿ ਸੱਚੇਪਾਤਸ਼ਾਹ ਅਸੀਂ ਤੇਰੇ ਹੁਕਮਾਂ ਨਾਲ ਜੁੜੇ ਰਹੀਏ, ਤੇਰੇ ਚਰਨਾਂ ਨਾਲ ਪ੍ਰੀਤ ਅਤੇ ਪ੍ਰਤੀਤ ਬਣੀ ਰਹੇ। ਸਾਨੂੰ ਈਰਖਾ ਦਵੈਸ਼ ਤੋਂ ਬਚਾ ਕੇ ਰੱਖਿਓ। ਇਹ ਮੰਗਾਂ ਜਦੋਂ ਅਸੀਂ ਮਨੋ ਹੋ ਕੇ ਮੰਗਾਂਗੇ ਤਾਂ ਸੱਚੇਪਾਤਸ਼ਾਹ ਆਪੇ ਕਿਰਪਾ ਕਰਨਗੇ। ਮੈਂ ਆਸ ਕਰਦਾ, ਮੰਗ ਮੰਗਦਾ ਹਾਂ, ਸੱਚੇ ਪਾਤਸ਼ਾਹ ਸਾਨੂੰ ਆਪਣੇ ਹੁਕਮਾਂ ਨਾਲ ਜੋੜਨ, ਤਾਂ ਕਿ ਅਸੀਂ ਸੁਖੀ ਹੋ ਸਕੀਏ, ਉਹ ਅਨੰਦ ਜਦੋਂ ਸਾਡੇ ਅੰਦਰ ਆਵੇ ਉਹ ਅਨੰਦ ਅਸੀਂ ਦੂਜਿਆਂ ਨੂੰ ਵੀ ਵੰਡ ਸੱਕੀਏ। ਸਤਿ ਸ੍ਰੀ ਅਕਾਲ

ਉਪਰੰਤ ਸੁਦਰਸ਼ਨ ਸਿੰਘ ਨੇ ਅਰਜ ਕਰਕੇ ਨਿਊਯਾਰਕ ਦੀ ਸਾਰੀ ਸੰਗਤ ਵੱਲੋਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਨਮਸਕਾਰ ਕੀਤੀ ਅਤੇ ਦੱਸਿਆ ਕਿ ਨਿਊਯਾਰਕ ਅਤੇ ਵੈਨਕੂਵਰ ਦੀ ਸੰਗਤ ਨੇ ਮਿਲ ਕੇ ਇਹ ਪ੍ਰੋਗਰਾਮ ਕੀਤਾ ਹੈ।

ਅੱਜ ਦੇ ਇਸ ਜ਼ੂਮ ਐਪ ਰਾਹੀਂ ਹੋਏ ਪ੍ਰੋਗਰਾਮ ਵਿਚ ਕ੍ਰੀਬ 245 ਪ੍ਰਵਾਰ ਜੁੜੇ ਹੋਏ ਸਨ ਜੋ ਕਿ ਕ੍ਰੀਬ 1000 ਕੁ ਸਿੱਖ ਹੋ ਜਾਂਦੇ ਹਨ। ਅਮੈਰਿਕਾ ਦੇ ਸ਼ਹਿਰ ਨਿਊਯਾਰਕ, ਨਿਊਜਰਸੀ, ਸ਼ਿਕਾਗੋ, ਐਲ.ਏ., ਇੰਡਿਆਨਾ, ਮੈਲਬਨੀ, ਨਿਊਹੈਮਸ਼ੇਅਰ, ਫਿਲਾਡਲਫੀਆ, ਸੈਨ ਫਰਾਂਸਿਸਕੋ ਆਦਿ ਤੋਂ ਅਤੇ ਕੈਨੇਡਾ ਦੇ ਵੈਨਕੂਵਰ, ਸਰੀ, ਟੋਰਾਂਟੋ ਤੋਂ। ਇਸ ਤੋਂ ਬਿਨਾਂ ਇੰਗਲੈਂਡ, ਨਿਊਜ਼ੀਲੈਂਡ, ਆਸਟ੍ਰੇਲੀਆ ਅਤੇ ਭਾਰਤ ਤੋਂ ਵੀ ਕਈ ਸਰੀਰ ਜੁੜੇ ਹੋਏ ਸਨ। ਵੱਖੋ-ਵੱਖ ਦੇਸ਼ਾਂ ਵਿਚ ਵਕਤ ਵੀ ਵੱਖੋ-ਵੱਖ ਸੀ- ਵੈਨਕੂਵਰ ਰਾਤ ਦੇ 8 ਤੋਂ 9:45 ਤੱਕ, ਨਿਊਯਾਰਕ ਅਤੇ ਟੋਰਾਂਟੋਂ ਰਾਤ ਦੇ 8 ਤੋਂ 9:15 ਤੱਕ, ਇੰਗਲੈਂਡ ਅੱਧੀ ਰਾਤ, ਭਾਰਤ ਵਿਚ ਅਗਲੀ ਸਵੇਰ ਅਤੇ ਆਸਟ੍ਰੇਲੀਆ ਵਿਖੇ ਦੁਪਹਿਰ ਸੀ। ਪਰ ਵੱਖੋ ਵੱਖ ਵਕਤ ਹੋਣ ਦੇ ਬਾਵਜੂਦ ਨਾਮ ਸਿਮਰਨ ਕਰਨ ਅਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਅਤੇ ਉਪਦੇਸ਼ ਸੁਣਨ ਲਈ ਸਾਰੇ ਸਿੱਖ ਜੁੜੇ ਹੋਏ ਸਨ। ਸੁਦਰਸ਼ਨ ਸਿੰਘ ਨੇ ਸਮੂਹ ਸੰਗਤਾਂ ਨੂੰ ਸੂਚਿਤ ਕੀਤਾ ਕਿ ਸੋਮਵਾਰ ਤੋਂ ਸ਼ੁਕਰਵਾਰ ਤੱਕ ਵੈਨਕੂਵਰ ਤੇ ਨਿਊਯਾਰਕ ਦੀਆਂ ਸੰਗਤਾਂ ਦੇ ਪ੍ਰੋਗਰਾਮ ਆਪੋ ਆਪਣੇ ਵਕਤ ਅਨੁਸਾਰ ਪਹਿਲਾਂ ਦੀ ਤਰ੍ਹਾਂ ਹੀ ਚਲਣਗੇ। ਅਗਲੇ ਵੀਕ ਐਂਡ (ਸ਼ਨੀਵਾਰ) ਦਾ ਪ੍ਰੋਗਰਾਮ ਏਸੇ ਤਰ੍ਹਾਂ ਇਕੱਠਾ ਹੋਵੇਗਾ, ਸੰਤ ਗੁਰਦੇਵ ਸਿੰਘ ਜੀ ਦੀ ਅਗੁਆਈ ਵਿੱਚ ਲਾਜ਼ ਐਂਜ਼ਲਸ ਦੀ ਸੰਗਤ ਪ੍ਰੋਗਰਾਮ ਹੋਸਟ ਕਰੇਗੀ।

-ਹਰਪਾਲ ਸਿੰਘ ਸੇਵਕ

# ਸ੍ਰੀ ਸਤਿਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ

26 ਮਈ 2020, ਬੰਗਲੌਰ
ਨਾਮਧਾਰੀ ਫਾਰਮ



ਹਰ ਰੋਜ ਦੀ ਤਰਾਂ ਨਾਮਧਾਰੀ ਸੀਡਜ਼ ਬਿੜਦੀ ਬੰਗਲੌਰ ਅੰਮ੍ਰਿਤ ਵੇਲੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਭੈਣੀ ਸਾਹਿਬ ਤੋਂ ਲਾਈਵ ਰਾਗੀ ਸੰਤ ਬਲਵੰਤ ਸਿੰਘ ਜੀ ਅਤੇ ਉਹਨਾਂ ਦੇ ਸਾਥੀਆਂ ਨੇ ਕਰੀਬ 4 ਵਜੇ ਹਰਿ ਅੰਮ੍ਰਿਤ ਭਿੰਨੇ ਲੋਇਨਾ ਮਨ ਪ੍ਰੇਮ ਰਤੰਨਾ ਰਾਮ ਰਾਜੇ.... ਨਾਲ ਵਾਰ ਦੀ ਸ਼ੁਰੂਆਤ ਕੀਤੀ। ਗੁਰੂ ਅਰਜਨ ਸਾਹਿਬ ਦੀ ਉਸਤਤੀ ਵਿੱਚ ਮਥੁਰਾ ਭੱਟ ਦੀ ਉਚਾਰਨ ਕੀਤੀ ਬਾਣੀ ਦਾ ਸ਼ਬਦ ਪੁਰਾਤਨ ਰੀਤ ਵਿੱਚ ਰਾਗੀਆਂ ਨੇ ਗਾਇਆ। ਸਭ ਮਾਈ ਭਾਈ ਰਸਨਾ ਕਰਕੇ ਨਾਮ ਸਿਮਰਨ ਕਰ ਰਹੇ ਹਨ,ਕੰਨਾ ਦੁਆਰਾ ਪਵਿੱਤਰ ਗੁਰਬਾਣੀ ਆਸਾ ਦੀ ਵਾਰ ਦਾ ਕੀਰਤਨ ਸਰਵਣ ਕਰ ਰਹੇ ਹਨ। ਵਾਰ ਦੀ ਸਮਾਪਤੀ ਦੀ ਅਰਦਾਸ ਲੱਧਾ ਸਿੰਘ ਨੇ ਕੀਤੀ ਸ੍ਰੀ ਸਤਿਗੁਰੂ ਦੀ ਰਜਾ ਅਨੁਸਾਰ ਨੌਜਵਾਨ ਬੱਚਿਆਂ ਨੂੰ ਹੁਕਮ ਹੋਇਆ ਕਿ ਸਟੇਜ ਤੇ ਆ ਕੇ ਜਪੁਜੀ ਸਾਹਿਬ ਅਤੇ ਸ਼ਬਦ ਹਜ਼ਾਰੇ ਦਾ ਪਾਠ ਸੁਣਾਉਣ ਪਾਤਸ਼ਾਹ ਜੀ ਆਪ ਕਿਰਪਾ ਕਰਕੇ ਪਾਠ ਸੁਣਿਆ ਅਤੇ ਬੱਚਿਆਂ ਨੂੰ ਖੁਸ਼ੀਆਂ ਬਖਸ਼ੀਆਂ।



ਸੂਬਾ ਅਮਰੀਕ ਸਿੰਘ ਜੀ ਬੰਗਲੌਰ

# ਸੰਤ ਤਰਨ ਸਿੰਘ ਵਹਿਮੀ ਦਾ
# ਸਾਹਿਤਕ ਵਾਰਿਸ- ਸਾਧੂ ਸਿੰਘ ਕਿਸਾਨ

✍- ਸੁਵਰਨ ਸਿੰਘ ਵਿਰਕ

**ਸ਼ਰਧਾਂਜਲੀ ਵਜੋਂ**

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਾਜੇ ਨਿਵਾਜੇ, ਨਾਮਧਾਰੀ ਸਿੱਖ ਪੰਥ ਦੇ ਸੰਤ ਸੰਤੋਖ ਸਿੰਘ ਬਾਹੋਵਾਲ ਤੋਂ ਅਗਲੀ ਕੜੀ ਦੇ ਲੇਖਕ, ਇਤਿਹਾਸਕਾਰ, ਸੰਤ ਤਰਨ ਸਿੰਘ ਵਹਿਮੀ ਸਨ ਜਿਹਨਾਂ ਨੂੰ ਪ੍ਰਸਿੱਧ ਪੰਜਾਬੀ ਸਾਹਿਤਕਾਰ ਅਤੇ ਨਾਮਧਾਰੀ ਵਿਦਵਾਨ ਸੰਤ ਇੰਦਰ ਸਿੰਘ ਚੱਕਰਵਰਤੀ, ਕੌਮੀ ਕਵੀ ਕਹਿ ਕੇ ਸਤਿਕਾਰਿਆ ਕਰਦੇ ਸਨ। ਵਹਿਮੀ ਜੀ ਦੇ ਪੁਰਖਿਆਂ ਦੇ ਪਰਿਵਾਰ ਵਿੱਚ ਨਾਮਧਾਰੀ ਸਿੱਖੀ ਦਾ ਮੁੱਢ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਤੋਂ ਬੱਝਾ ਸੀ। ਪੜਦਾਦਾ ਸਰਦਾਰ ਅਤਰ ਸਿੰਘ, ਦਾਦਾ ਦਿਆਲ ਸਿੰਘ ਸਤਿਗੁਰੂ ਜੀ ਦੇ ਸਮੇਂ ਹੀ ਕੂਕੇ ਬਣਕੇ ਅੰਗਰੇਜ਼ੀ ਸਰਕਾਰ ਦੀਆਂ ਨਜ਼ਰਾਂ ਵਿੱਚ ਰੜਕਦੇ ਰਹੇ। ਵਹਿਮੀ ਜੀ ਦੇ ਪਿਤਾ ਸੰਤ ਸਿੰਘ ਵੀ ਸਾਧੂ ਸੁਭਾਉ ਵਿੱਚ ਵਿਚਰਦੇ ਰਹੇ। ਜੁਆਨੀ ਚੜ੍ਹਦਿਆਂ ਹੀ ਵਹਿਮੀ ਜੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਪਾਰਖੂ ਨਜ਼ਰ ਦੇ ਘੇਰੇ ਵਿੱਚ ਆ ਗਏ ਅਤੇ ਉਹਨਾਂ ਨੇ ਨੌਜੁਆਨ ਤਰਨ ਸਿੰਘ ਨੂੰ ਲਿਖਣ ਪੜ੍ਹਣ ਦਾ ਸ਼ੌਂਕ ਰੱਖਣ ਕਾਰਨ, ਆਪਣੇ ਸਮੇਂ ਅਤੇ ਪੁਰਾਣੇ ਸਾਧੂ ਸੰਤਾਂ ਤੋਂ ਸੁਣੇ ਬਚਨ-ਬਿਰਤਾਂਤ ਨੋਟ ਕਰਨ ਦਾ ਹੁਕਮ ਕਰ ਦਿੱਤਾ। ਵਹਿਮੀ ਜੀ ਨੇ ਕੋਈ ਪੰਜ ਦਹਾਕੇ ਅੱਖਰਾਂ ਦੇ ਸਾਥ ਵਿੱਚ ਬਿਤਾਏ। ਸਤਿਜੁਗ ਵਿੱਚ ਉਹਨਾਂ ਦੀਆਂ ਰਚਨਾਵਾਂ ਪਿਛਲੀ ਸਦੀ ਦੇ ਤੀਹਵਿਆਂ ਤੋਂ ਸ਼ੁਰੂ ਹੋਕੇ ਸੱਤਰਵਿਆਂ ਤੱਕ ਛਪੀਆਂ। ਸਤਿਗੁਰੂ ਪਰਤਾਪ ਸਿੰਘ ਜੀ ਦਾ ਗੁਰਤਾਕਾਲ (1906-1959 ਈ) ਵਹਿਮੀ ਜੀ ਨੇ ਜੱਸ ਜੀਵਨ ਦੀਆਂ ਛੇ ਜਿਲਦਾਂ ਵਿੱਚ ਸਾਂਭ ਲਿਆ। ਕਵਿਤਾ ਅਤੇ ਇਤਿਹਾਸ ਖੋਜ ਨਾਲ ਸਬੰਧਿਤ ਅਨੇਕ ਪੁਸਤਕਾਂ ਵੀ ਛਪੀਆਂ। ਵਹਿਮੀ ਜੀ ਸਫਲ ਗ੍ਰਹਿਸਤੀ ਸਨ। ਚਾਰ ਪੁੱਤਰਾਂ ਅਤੇ ਪੰਜ ਪੁੱਤਰੀਆਂ ਦੇ ਭਰੇ ਪੂਰੇ ਪਰਿਵਾਰ ਛੱਡ ਕੇ ਉਹ 19 ਜੁਲਾਈ 1978 ਨੂੰ ਪਿੰਡ ਰਾਮ ਪੁਰ (ਬੁੱਢੀ ਮਾੜੀ) ਜ਼ਿਲ੍ਹਾ ਸਿਰਸਾ (ਹਰਿਆਣਾ) ਵਿਚੋਂ ਵਿਦਆ ਹੋਏ ਸਨ।

ਵਹਿਮੀ ਜੀ ਦਾ ਪੋਤਰਾ ਗੁਰਭੇਜ ਸਿੰਘ ਗੁਰਾਇਆ ਲਿਖਦਾ ਹੈ ਕਿ ਵਹਿਮੀ ਜੀ ਦੀ ਜ਼ਮੀਨ ਤਾਂ ਉਹਨਾਂ ਦੇ ਚਾਰਾਂ ਪੁੱਤਰਾਂ ਵਿੱਚ ਵੰਡੀ ਗਈ ਪਰ ਉਹਨਾਂ ਦਾ ਬੌਧਿਕ ਸਾਹਿਤਕ ਵਾਰਸ ਅਖਵਾਉਣ ਦਾ ਹੱਕਦਾਰ, ਵੱਡਾ ਪੁੱਤਰ ਸਾਧੂ ਸਿੰਘ ਕਿਸਾਨ ਹੀ ਬਣ ਸਕਿਆ। ਤੇ ਜੇ ਅਸੀਂ ਕਿਸਾਨ ਹੋਰਾਂ ਦੁਆਰਾ ਵਹਿਮੀ ਜੀ ਦੇ ਜੱਸ ਜੀਵਨ ਦੀ ਛਪਾਈ ਬਾਰੇ ਅਧੂਰੇ ਛੱਡੇ ਕਾਰਜਾਂ ਨੂੰ ਸਿਰੇ ਚੜਾਉਣ ਲਈ ਜਾਲੇ ਜ਼ਫਰ ਅਤੇ ਸਾਧੂ ਸਿੰਘ ਕਿਸਾਨ ਦੀਆਂ ਕਾਵਿ ਅਤੇ ਵਾਰਤਕ ਲਿਖਤਾਂ ਵਿਚਲੀ ਪ੍ਰੌੜਤਾ ਅਤੇ ਸਾਹਿਤਕ ਚਾਸ਼ਨੀ ਦਾ ਕਮਾਲ ਵੇਖੀਏ ਤਾਂ ਭਤੀਜੇ ਵੱਲੋਂ ਆਪਣੇ ਤਾਏ ਤੇ ਕੀਤੀ ਟਿੱਪਣੀ, ਅਤਿ ਕਥਨੀ ਨਹੀਂ ਜਾਪਦੀ।

ਸੰਤ ਤਰਨ ਸਿੰਘ ਵਹਿਮੀ ਦੀ ਲਿਖਤ ਮੁਤਾਬਿਕ ਸਾਧੂ ਸਿੰਘ ਦਾ ਜਨਮ ਉਸਦੀ ਮਾਤਾ ਕਰਤਾਰ ਕੌਰ ਦੇ ਉਦਰ ਥੀਂ ਨਾਨਕੇ ਪਿੰਡ ਕੁਲ ਬਾਜਵਾ (ਸਿਆਲਕੋਟ ਪਾਕਿਸਤਾਨ) ਵਿੱਚ, 2 ਫੱਗਣ 1987 ਬਿਕ੍ਰਮੀ, ਮੁਤਾਬਿਕ 13 ਫਰਵਰੀ 1931 ਈ. ਨੂੰ ਹੋਇਆ ਸੀ। ਇਸ ਬੀਬੀ ਵਿਚੋਂ ਸਾਧੂ ਸਿੰਘ, ਉਸਤੋਂ ਚਾਰ ਸਾਲ ਛੋਟਾ ਬਲੀ ਸਿੰਘ ਅਤੇ ਇਕ ਬੀਬੀ ਵੀਰੋ ਹੋਈ। ਮਾਤਾ ਕਰਤਾਰ ਕੌਰ ਗੁਰਬਾਣੀ ਦਾ ਪਾਠ ਕਰਨ ਵਾਲੀ ਸੀ। ਫਿਰ ਇਹ ਬੀਬੀ ਕਰਤਾਰ ਕੌਰ ਚਲਾਣਾ ਕਰ ਗਈ ਤਾਂ ਉਸਦੇ ਪੇਕਿਆਂ ਨੇ ਛੋਟੇ ਬੱਚਿਆਂ ਦੀ ਪਾਲਣਾ ਹਿੱਤ ਉਸੇ ਪਿੰਡ ਵਿਚੋਂ ਵਹਿਮੀ ਜੀ ਨਾਲ ਜਿਸ ਬੀਬੀ ਦਾ ਨਾਤਾ ਜੋੜ ਦਿੱਤਾ, ਉਸ ਬੀਬੀ ਲਖਬੀਰ ਕੌਰ ਵਿਚੋਂ ਗੁਰਦੇਵ ਸਿੰਘ ਅਤੇ ਗੁਰਮੁਖ ਸਿੰਘ ਦੋ ਲੜਕੇ ਅਤੇ ਤਿੰਨ ਲੜਕੀਆਂ ਹੋਈਆਂ। ਵਹਿਮੀ ਜੀ ਨੇ ਪਹਿਲੀ ਪਤਨੀ ਬਲਵੰਤ ਕੌਰ ਵਿਚੋਂ ਸਿਰਫ ਦੋ ਪੁੱਤਰੀਆਂ ਹੋਣ ਕਾਰਨ ਦੂਜਾ ਵਿਆਹ ਕਰਤਾਰ ਕੌਰ ਨਾਲ ਕਰਵਾਇਆ। ਇਸ ਤਰ੍ਹਾਂ ਵਹਿਮੀ ਜੀ ਦੇ ਭਰੇ ਭਰੁੰਨੇ ਪਰਿਵਾਰ ਵਿੱਚ ਸਾਧੂ ਸਿੰਘ ਨੇ ਜਦੋਂ ਅੱਖਾਂ ਖੋਹਲੀਆਂ ਤਾਂ ਉਸ ਨੂੰ ਬਹੁਤ ਕੁੱਝ ਆਪਣੀ ਵਿਰਾਸਤ ਦੇ ਰੂਪ ਵਿੱਚ ਮਿਲ ਚੁੱਕਾ ਸੀ। ਇਹ ਉਹ ਘਰ ਸੀ ਜਿੱਥੇ ਪਿਛਲੇ 70 ਸਾਲਾਂ ਤੋਂ ਨਾਮਧਾਰੀ ਸੰਤਾਂ ਦੇ ਕਮਰ ਕੱਸੇ ਖੁੱਲਦੇ ਸਨ ਅਤੇ ਘਰ ਵਿੱਚ ਨਾਮ ਬਾਣੀ ਦਾ ਪ੍ਰਵਾਹ ਚਲਦਾ ਸੀ। ਗੁਰਮੁਖੀ ਅਤੇ ਗੁਰਬਾਣੀ ਦਾ ਪਾਠ ਪਿਤਾ ਤੋਂ ਸਿੱਖਿਆ। ਹਿੰਦੀ ਪਿੰਡ ਦੇ ਪਾਂਧੇ ਪੁਰੋਹਿਤ ਤੋਂ ਪੜੀ ਅਤੇ ਉਰਦੂ ਫਾਰਸੀ ਲਈ ਪਿਤਾ ਨੇ ਪਿੰਡ ਦੇ ਮੌਲਵੀ ਪਾਸ ਭੇਜਿਆ। ਪੜਨ ਵਿੱਚ ਜ਼ਹੀਨ ਸੀ ਸੋ ਉਹ ਹਿੰਦੀ ਉਰਦੂ ਵੀ ਗੁਜਾਰੇ ਜੋਗੀ ਸਿੱਖ ਗਿਆ ਅਤੇ ਗੁਰਬਾਣੀ ਦਾ ਪਾਠ

ਤਾਂ ਬਚਪਨ ਵਿੱਚ ਹੀ ਸਰਲ ਕਰ ਲਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਹਿੰਦੂ ਚੱਕ ਆਇਆਂ ਨੂੰ ਗੁਰਬਾਣੀ ਵਿੱਚ ਦਰਜ਼ ਗੁਜਰੀ ਦੀ ਵਾਰ ਦੀ ਇਕ ਪਾਉੜੀ ਜ਼ੁਬਾਨੀ ਸੁਣਾ ਕੇ ਖੁਸ਼ੀਆਂ ਲਈਆਂ। ਫਿਰ ਸੰਮਤ 2000 ਬਿ: ਮੁਤਾਬਿਕ 1944 ਈ: ਦੇ ਹੋਲੇ ਦੇ ਮੇਲੇ ਸਮੇਂ ਸ੍ਰੀ ਭੈਣੀ ਸਾਹਿਬ ਸ਼ੁੱਧ ਗੁਰਬਾਣੀ ਪਾਠ ਮੁਕਾਬਲੇ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਪਹਿਲਾ ਸਨਮਾਨ ਹਾਸਲ ਕਰਕੇ ਪਿਤਾ ਦੁਆਰਾ ਕੀਤੀ ਮਿਹਨਤ ਸਫਲ ਕੀਤੀ। ਗੁਜਰਾਂ ਵਾਲੇ ਜਿੱਥੇ ਭੂਆ ਦਾ ਪੁੱਤਰ ਅਮਰੀਕ ਸਿੰਘ (ਹੁਣ ਮਾਸਟਰ ਜੀ) ਰਹਿੰਦੇ ਸਨ, ਕੁੱਝ ਚਿਰ ਅੰਗਰੇਜ਼ੀ ਪੜਨ ਲਈ ਸਮਾਂ ਲਾਇਆ ਸੀ।

ਸੰਨ 1941 ਵਿੱਚ ਪਿੰਡ ਹਿੰਦੂ ਚੱਕ ਦੇ ਕੁੱਝ ਸ਼ਰਾਬੀ ਕਬਾਬੀਆਂ ਨਾਲ ਸੰਤ ਤਰਨ ਸਿੰਘ ਵਹਿਮੀ ਹੋਰਾਂ ਦੀ ਲੜਾਈ ਹੋ ਗਈ। ਸੱਟ ਲਾਉਣ ਵਾਲਾ ਤਾਂ ਹੋਰ ਸੀ ਪਰ ਪਰਚਾ ਉਹਨਾਂ ਤੇ ਦਰਜ਼ ਹੋ ਗਿਆ। ਹੇਠਲੀ ਅਦਾਲਤ ਵਿੱਚੋਂ 6 ਮਹੀਨੇ ਦੀ ਸਜਾ ਹੋਈ। ਜੋ ਲਾਹੌਰ ਅਪੀਲ ਕਰਨ ਤੇ ਜਮਾਨਤ ਹੋ ਗਈ। ਹੁਣ ਵਹਿਮੀ ਜੀ ਨੇ ਸੰਕਲਪ ਕੀਤਾ ਕਿ ਆਪਾਂ ਭੈਣੀ ਸਾਹਿਬ ਰਹਿ ਕੇ 7 ਮਹੀਨੇ ਸੇਵਾ ਕਰੀਏ ਤਾਂ ਜੋ ਇਸ ਤਰ੍ਹਾਂ ਹਾਈ ਕੋਰਟ ਵਿੱਚੋਂ ਇਹ 6 ਮਹੀਨੇ ਦੀ ਕੈਦ ਫਾਸ ਤੋਂ ਮੁਕਤ ਹੋ ਜਾਈਏ। ਦੇਵਨੇਤ ਹਾਈ ਕੋਰਟ ਨੇ ਸਜਾ ਰੱਦ ਕਰ ਦਿੱਤੀ। ਵਹਿਮੀ ਜੀ ਨੇ ਆਪਣੀ ਪਤਨੀ ਬੀਬੀ ਕਰਤਾਰ ਕੌਰ ਅਤੇ ਲੜਕਿਆਂ ਸਾਧੂ ਸਿੰਘ ਅਤੇ ਬਲੀ ਸਿੰਘ ਸਮੇਤ 1942 ਈ: ਦੇ ਮਾਰਚ ਤੋਂ ਨਵੰਬਰ ਤੱਕ ਪੂਰੇ 7 ਮਹੀਨੇ ਸ੍ਰੀ ਭੈਣੀ ਸਾਹਿਬ ਰਹਿ ਕੇ ਗੁਰੂ ਘਰ ਦੀ ਸੇਵਾ ਕਰਨ ਦਾ ਆਨੰਦ ਮਾਣਿਆ, ਜਿਸ ਵਿੱਚ ਦੋਹਾਂ ਬੱਚਿਆਂ ਨੇ ਵੀ ਹੱਥੀਂ ਸੇਵਾ ਕਰਨੀ ਅਤੇ ਫਿਰ ਸੁਬਾ, ਦੁਪਿਹਰ ਸ਼ਾਮਾਂ ਦੇ ਦੀਵਾਨ ਦਾ ਅਨੰਦ ਮਾਨਣਾ। ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੌਰੇ ਤੇ ਨਾ ਜਾਂਦੇ ਤਾਂ ਗੁਰੂ ਦਰਸ਼ਨਾਂ ਦਾ ਲਾਹਾ ਲੈਂਦੇ। ਇਉਂ ਸਾਧੂ ਸਿੰਘ ਤੇ ਬਲੀ ਸਿੰਘ, ਦੋਹਾਂ ਲਈ ਨਾਮਧਾਰੀ ਜੀਵਨ-ਜਾਚ ਵਿੱਚ ਪਰਪੱਕ ਹੋਣ ਦਾ ਮੁੱਢ ਬੱਝ ਗਿਆ। ਇਸ ਸਮੇਂ ਸਤਿਜੁਗ ਦੀ ਪ੍ਰਕਾਸ਼ਨਾ ਵੀ ਸ੍ਰੀ ਭੈਣੀ ਸਾਹਿਬ ਤੋਂ ਹੁੰਦੀ ਸੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ ਇਕ ਪੁਸਤਕਾਲਾ ਵੀ ਵਿਦਿਆਲੇ ਦੇ ਵਿਦਿਆਰਥੀਆਂ ਅਤੇ ਹੋਰਨਾਂ ਲਈ ਸਥਾਪਿਤ ਕੀਤਾ ਗਿਆ ਸੀ। ਇਉਂ ਸਾਧੂ ਸਿੰਘ ਨੂੰ ਪਿਤਾ ਦੇ ਨਾਲ ਵਿਹਲਾ ਸਮਾਂ ਕਿਤਾਬਾਂ ਦੀ ਸੰਗਤ ਵਿੱਚ ਬਿਤਾਉਣ ਦੀ ਚੇਟਕ ਵੀ ਇੱਥੋਂ ਹੀ ਲੱਗ ਗਈ। ਉਸ ਸਮੇਂ ਸਤਿਜੁਗ ਦੀ ਸੰਪਾਦਕੀ ਸੇਵਾ ਨਾਮਧਾਰੀ ਪੰਥ ਦੇ ਮਹਾਨ ਵਿਦਵਾਨ ਅਤੇ ਭਾਰਤੀ ਰਿਸ਼ੀ ਪ੍ਰੰਪਰਾ ਦੇ ਪ੍ਰਤੀਕ ਮਾਸਟਰ ਨਿਹਾਲ ਸਿੰਘ ਜੀ ਨਿਭਾ ਰਹੇ ਸਨ। ਵਹਿਮੀ ਜੀ ਨੇ ਸਾਧੂ ਸਿੰਘ ਨੂੰ ਕਿਹਾ ਕਿ ਲਿਖਣਾ ਸਿੱਖਣ ਲਈ ਦਿਨ ਵਿੱਚ ਕੁਝ ਸਮਾਂ ਮਾਸਟਰ ਜੀ ਦੀ ਸਿੱਖਿਆ ਲਿਆ ਕਰ। ਜਦੋਂ ਸਾਧੂ ਸਿੰਘ, ਮਾਸਟਰ ਜੀ ਨੂੰ ਮਿਲਿਆ ਤਾਂ ਉਹਨਾਂ ਕਿਹਾ ਸੀ ਕਿ ਲਿਖਣ ਤੇ ਇਤਨੀ ਮਿਹਨਤ ਕਰ ਕੇ ਸ਼ਬਦ ਚੰਗਿਆੜੇ ਛੱਡਦੇ ਜਾਪਣ। ਸਾਧੂ ਸਿੰਘ ਲਿਖਦੇ ਹਨ ਕਿ ਮੈਂ ਮਾਸਟਰ ਜੀ ਦੀ ਸਿੱਖਿਆ ਤੇ ਪੂਰੀ ਤਰ੍ਹਾਂ ਅਮਲ ਨਹੀਂ ਕਰ ਸਕਿਆ। ਜਿਸ ਕਰਕੇ ਮਾਸਟਰ ਜੀ ਦੇ ਮਾਪ ਦੰਡ ਤੋਂ ਕੁਝ ਉਰ੍ਹਾਂ ਰਹਿ ਗਿਆ ਹਾਂ ਪਰ ਜਿਵੇਂ ਜਿਵੇਂ ਮੈਂ ਉਹਨਾਂ ਦੀਆਂ ਕਵਿਤਾਵਾਂ ਤੇ ਵਾਰਤਕ ਦਾ ਪਾਠ ਕੀਤਾ ਹੈ ਉਹਨਾਂ ਵਿਚੋਂ ਚੰਗੀ ਲਿਖਤ ਦੇ ਸਾਰੇ ਹੀ ਗੁਣ ਆਏ ਹਨ। ਇਹ ਠੀਕ ਹੈ ਕਿ ਕਿਸਾਨ ਜੀ ਨੇ ਥੋੜਾ ਲਿਖਿਆ ਹੈ ਪਰ ਜੋ ਵੀ ਲਿਖਿਆ ਹੈ ਠੋਸ ਲਿਖਿਆ ਹੈ। ਉਹਨਾਂ ਦਾ ਅਧਿਅਨ ਬਹੁਤ ਵਿਸ਼ਾਲ ਸੀ। ਜਦੋਂ ਤੱਕ ਸਰੀਰ ਆਖੇ ਲੱਗਦਾ ਰਿਹਾ ਤਕਰੀਬਨ ਚਲਾਣੇ ਤੋਂ ਚਾਰ ਪੰਜ ਮਹੀਨੇ ਪਹਿਲਾਂ ਤੱਕ ਵੀ ਉਹ ਫੋਨ ਤੇ ਕੁਝ ਕਿਤਾਬਾਂ ਬਾਰੇ, ਮੇਰੇ ਨਾਲ ਚਰਚਾ ਕਰ ਲੈਂਦੇ ਸਨ ਜਿਹੜੀਆਂ ਉਹ ਪੜ੍ਹਨਾ ਚਾਹੁੰਦੇ ਸਨ। ਵਹਿਮੀ ਜੀ ਦੇ ਨਿੱਜੀ ਪੁਸਤਕਾਲੇ ਵਿੱਚ ਵੀ ਕਿਤਾਬਾਂ ਦੀ ਸੰਖਿਆ ਇਕ ਹਜਾਰ ਤੋਂ ਵੱਧ ਹੀ ਹੋਵੇਗੀ। ਇਹ ਸਾਰਾ ਗਿਆਨ ਯੁਵਾ ਸਾਧੂ ਸਿੰਘ ਦੇ ਦਿਸਹੱਦੇ ਵਿਸ਼ਾਲ ਕਰਨ ਦਾ ਨਮਿੱਤ ਬਣਿਆ।

ਦੇਸ਼ ਵੰਡਿਆ ਗਿਆ, ਪੁਰਖਿਆਂ ਦੀ ਧਰਤੀ ਤੋਂ ਰਾਤੋਂ-ਰਾਤ ਲੋਕਾਂ ਨੂੰ ਦੇਸ਼ ਨਿਕਾਲੇ ਮਿਲ ਗਏ। ਕਿਸਾਨ ਪਰਿਵਾਰ ਵੀ ਚੜ੍ਹਦੇ ਪੰਜਾਬ ਦੇ ਤਦੋਕੇ ਜ਼ਿਲਾ ਹਿਸਾਰ ਦੀ ਸਿਰਸਾ ਤਹਿਸੀਲ ਦੇ ਪਿੰਡ ਜੱਗਮਲੇਰੇ ਆ ਟਿਕਿਆ। ਹਿੰਦੂ ਚੱਕ ਰਹਿੰਦਿਆਂ ਹੀ ਸਾਧੂ ਸਿੰਘ ਦਾ ਰਿਸ਼ਤਾ ਸਰਦਾਰ ਰਜਵੰਤ ਸਿੰਘ ਝੱਬਰ ਦੀ ਪੁੱਤਰੀ ਮਹਿੰਦਰ ਕੌਰ ਨਾਲ ਤਹਿ ਹੋ ਗਿਆ ਸੀ। ਸਰਦਾਰ ਰਜਵੰਤ ਸਿੰਘ, ਅਵਤਾਰ ਸਿੰਘ ਦੋਵੇਂ ਭਰਾ ਪੁਰਾਣੇ ਪਿੰਡ ਝੱਬਰ ਦੀ ਬਜਾਏ ਨਨਕਾਣਾ ਸਾਹਿਬ ਨੇੜੇ ਨੌਂ ਚੱਕ ਝੱਬਰ ਵਿਚ ਰਹਿੰਦੇ ਸਨ। ਇਹ ਪਿੰਡ ਹਿੰਦੂ ਚੱਕ ਤੋਂ ਪੰਜਾਹ ਮੀਲ ਦੇ ਲੱਗਭਗ ਹੋਣ ਤੇ ਸਾਧੂ ਸਿੰਘ ਦੇ ਹਾਣੀ ਮਖੌਲ ਕਰਿਆ ਕਰਦੇ ਕਿ ਇਤਨੀ ਦੂਰ ਕਦੋਂ ਅਪੜੇਂਗਾ। ਕੁਦਰਤ ਨੇ ਉਹਦੇ ਸਹੁਰੇ ਪੇਕੇ ਵੰਡ ਤੋਂ ਬਾਅਦ ਜੱਗ ਮਲੇਰੇ ਇੱਕੋ ਪਿੰਡ

ਵਿੱਚ ਇਕੱਠੇ ਕਰ ਦਿੱਤੇ। ਆਜ਼ਾਦ ਦੇਸ਼ ਵਿੱਚ ਹੋਏ ਸਤਿਗੁਰੂ ਪ੍ਰਤਾਪ ਸਿੰਘ ਦੀ ਹਜ਼ੂਰੀ ਵਿਚ 1948 ਦੇ ਪਹਿਲੇ ਹੋਲੇ ਮਹੱਲੇ ਤੇ ਸਾਧੂ ਸਿੰਘ ਦਾ ਅਨੰਦ ਕਾਰਜ ਹੋ ਗਿਆ। ਬੀਬੀ ਮਹਿੰਦਰ ਕੌਰ 1998 ਵਿੱਚ ਅਧਰੰਗ ਤੋਂ ਪੀੜਤ ਹੋ ਕੇ 2000 ਈ. ਦੇ ਸਤੰਬਰ ਮਹੀਨੇ ਦੇ ਆਰੰਭ ਵਿੱਚ ਚਲਾਣਾ ਕਰ ਗਈ ਸੀ। ਕਿਸਾਨ ਦੰਪਤੀ ਦੇ ਗੁਰਬਖਸ਼ ਸਿੰਘ, ਹਰਜੀਤ ਸਿੰਘ ਅਤੇ ਸੋਹਣ ਸਿੰਘ ਤਿੰਨ ਪੁੱਤਰ ਅਤੇ ਗੁਰਬਚਨ ਕੌਰ ਅਤੇ ਸੁੱਖਦੀਪ ਕੌਰ ਦੋ ਪੁਤਰੀਆਂ ਹਨ ਜੋ ਕ੍ਰਮਵਾਰ ਸੰਤ ਨਗਰ ਅਤੇ ਤਲਵਾੜਾ ਖੁਰਦ ਵੱਸਦੀਆਂ ਹਨ। ਸੰਨ 1957 ਈ. ਵਿੱਚ ਜੀਵਨ ਨਗਰ ਵਿਖੇ ਸਤਿਜੁਗ ਸੰਪਾਦਕ ਵਜੋਂ ਪ੍ਰੀਤਮ ਸਿੰਘ ਕਵੀ ਆ ਗਏ। ਸੰਤ ਤਰਨ ਸਿੰਘ ਵਹਿਮੀ ਨਾਲ ਉਹਨਾਂ ਦੀ ਸਾਹਿਤਕ ਸਾਂਝ ਬਣ ਗਈ। ਜੱਗ ਮਲੇਰਾ, ਜੋ ਹੁਣ ਸੰਤ ਨਗਰ ਨਾਮ ਧਾਰਨ ਕਰ ਚੁੱਕਾ ਸੀ, ਦੇ ਕੁਝ ਨਾਮਧਾਰੀ ਯੁਵਕ ਵਹਿਮੀ ਜੀ ਤੋਂ ਕਵਿਤਾ ਦੀ ਸੇਧ ਲਿਆ ਕਰਦੇ ਸਨ। ਇਸ ਤੋਂ ਪਹਿਲਾਂ ਦੋ ਕੁ ਸਾਲ ਸੰਤ ਮੰਗਲ ਸਿੰਘ ਜੀ ਲਾਇਲਪੁਰੀ ਵੀ ਸਤਿਜੁਗੀ ਸੇਵਾ ਨਿਭਾ ਚੁੱਕੇ ਸਨ। ਉਹ ਵੀ ਵਧੀਆ ਕਵੀ ਸਨ। ਇਲਾਕੇ ਵਿੱਚ ਇਤਨੇ ਸਾਹਿਤਕਾਰਾਂ ਦੇ ਨਿਵਾਸ ਕਾਰਨ ਸਾਹਿਤ ਸਭਾ ਬਨਣ ਦਾ ਮਾਹੌਲ ਬਣ ਗਿਆ। ਜਲੰਧਰ ਵਿੱਚ ਕੁਝ ਸਮਾਂ ਪਹਿਲਾ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਸਥਾਪਨਾ ਵੀ ਪੰਜਾਵਿਆਂ ਦੇ ਆਰੰਭ ਵਿੱਚ ਹੀਰਾ ਸਿੰਘ ਦਰਦ ਅਤੇ ਹੋਰ ਪੰਜਾਬੀ ਸਾਹਿਤਕਾਰਾਂ ਦੇ ਯਤਨਾਂ ਸਦਕਾ ਹੋ ਗਈ ਸੀ। ਇਸ ਦੀ ਹੱਲਾ ਸ਼ੇਰੀ ਨਾਲ ਸਥਾਨਿਕ ਸਭਾਵਾਂ ਵੀ ਬਨਣੀਆਂ ਸ਼ੁਰੂ ਹੋ ਗਈਆਂ ਸਨ। ਸੰਨ 1958 ਵਿਚ ਵਹਿਮੀ ਜੀ ਅਤੇ ਕਵੀ ਜੀ ਦੀ ਪ੍ਰੇਰਨਾ ਸਦਕਾ ਸੰਤ ਨਗਰ ਅਤੇ ਆਸ ਪਾਸ ਦੇ ਯੁਵਾ ਨਾਮਧਾਰੀ ਕਵੀਆਂ ਦੇ ਸਹਿਯੋਗ ਨਾਲ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਨੇ ਅਕਾਰ ਧਾਰਨ ਕਰ ਲਿਆ। ਪਹਿਲੀ ਪੀੜੀ ਦੇ ਕਵੀ, ਲੇਖਕ, ਵਹਿਮੀ ਜੀ, ਕਵੀ ਜੀ ਤੋਂ ਇਲਾਵਾ ਸੰਤ ਸ਼ਿੰਗਾਰਾ ਸਿੰਘ ਜੀ ਸ਼ਿੰਗਾਰ, ਸਰਧਾ ਸਿੰਘ ਨਿਮਾਣਾ, ਬਖਸ਼ੀਸ਼ ਸਿੰਘ ਸਫਰੀ ਆਦਿ ਅਤੇ ਨਵੇਂ ਪੂਰ ਵਿੱਚੋਂ ਮਾਸਟਰ ਅਮਰੀਕ ਸਿੰਘ, ਸਾਧੂ ਸਿੰਘ ਕਿਸਾਨ, ਬਲਬੀਰ ਸਿੰਘ ਢਿੱਲੋਂ, ਗੁਰਭਜਨ ਸਿੰਘ, ਹਰਭਜਨ ਸਿੰਘ ਪਰਵਾਨਾ, ਗੁਰਦਿਆਲ ਸਿੰਘ ਪ੍ਰੀਤ, ਪ੍ਰਕਾਸ਼ ਸਿੰਘ ਰਾਏਸਰੀ, ਸੰਤੋਖ ਸਿੰਘ ਸਾਜਨ, ਗੁਰਬਖਸ਼ ਸਿੰਘ ਰਾਮਪੁਰੀ, ਜਸਵੰਤ ਸਿੰਘ ਜੱਸ ਆਦਿ ਪ੍ਰਮੁੱਖ ਸਨ। ਇਹ ਵੀ ਸੰਜੋਗ ਹੀ ਸੀ ਕਿ ਵੀਹਵੀਂ ਸਦੀ ਦਾ ਇੱਕ ਪ੍ਰਮੁੱਖ ਜੁਝਾਰੂ ਲੋਕ ਕਵੀ ਸੰਤ ਰਾਮ ਉਦਾਸੀ ਵੀ ਉਸ ਦੌਰ ਵਿੱਚ ਸਭ ਤੋਂ ਪਹਿਲਾਂ ਏਸੇ ਸਾਹਿਤ ਸਭਾ ਨਾਲ ਜੁੜਿਆ ਸੀ। ਸਾਧੂ ਸਿੰਘ ਕਿਸਾਨ ਅਤੇ ਮਾਸਟਰ ਅਮਰੀਕ ਸਿੰਘ ਹੁਰਾਂ ਦੀ ਅਗਵਾਈ ਹੇਠ ਇਹ ਸਾਹਿਤ ਸਭਾ ਪਿਛਲੇ 60 ਸਾਲ ਤੋਂ ਵੱਧ ਸਮੇਂ ਦਾ ਆਪਣਾ ਸਫਰ ਪੂਰਾ ਕਰ ਚੁੱਕੀ ਹੈ ਅਤੇ ਹੁਣ ਇਸ ਸਭਾ ਦੇ ਤੀਜੇ ਪੂਰ ਦੇ ਕਵੀਆਂ ਦਾ ਦੌਰ ਕ੍ਰਿਆਸ਼ੀਲ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਇਹਨਾਂ ਕਵੀਆਂ ਨੂੰ ਬਹੁਤ ਉਤਸ਼ਾਹਿਤ ਕਰਿਆ ਕਰਦੇ ਸਨ। ਭਾਰਤ ਦੀਆਂ ਦੁਰੇਡੀਆਂ ਥਾਵਾਂ ਅਤੇ ਵਿਦੇਸ਼ਾਂ ਵਿੱਚ ਵੀ ਕਿਸਾਨ ਜੀ ਅਤੇ ਹੋਰ ਕਵੀ ਕਵਿਤਾ ਪਾਠ ਲਈ ਜਾਇਆ ਕਰਦੇ ਸਨ। ਨਾਮਧਾਰੀ ਪੰਥ ਦੇ ਸਲਾਨਾ ਹੋਲੇ ਮਹੱਲਿਆਂ, ਅੱਸੂ ਦੇ ਮੇਲਿਆਂ, ਬਸੰਤ ਮੇਲੇ, ਸਤਿਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ ਅਤੇ ਨਾਮਧਾਰੀ ਸ਼ਹੀਦੀ ਮੇਲਿਆਂ ਤੇ ਕਵੀ ਦਰਬਾਰਾਂ ਦੀਆਂ ਰੌਣਕਾਂ ਲੱਗਦੀਆਂ ਸਨ। ਇਉਂ ਕਿਸਾਨ ਜੀ ਦੇ ਜੀਵਨ ਦਾ ਵੱਡਾ ਹਿੱਸਾ ਇਹਨਾਂ ਸਮਾਗਮਾਂ ਵਿਚ ਹੀ ਬਤੀਤ ਹੁੰਦਾ। 1964 ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੰਡੀ, ਕੁੱਲੂ, ਮਨਾਲੀ ਆਦਿ ਦੀ ਪਰਬਤ ਯਾਤਰਾ ਕਰਨੀ ਸੀ। ਸਤਿਗੁਰੂ ਜੀ ਦੇ ਸਨੇਹ ਪਾਸ਼ ਵਿਚ ਬੱਝੇ ਇਲਾਕਾ ਜੀਵਨ ਨਗਰ ਦੇ 8 ਕਵੀ, ਕਿਸਾਨ ਜੀ ਸਮੇਤ ਆਪਣੇ ਪਿੰਡਾਂ (ਇਲਾਕਾ ਜੀਵਨ ਨਗਰ) ਤੋਂ ਚੱਲ ਕੇ ਮਨਾਲੀ ਤੱਕ ਸਤਿਗੁਰੂ ਜੀ ਦੇ ਨਾਲ-ਨਾਲ ਸਾਇਕਲਾਂ ਤੇ ਹੀ ਪਹਾੜੀ ਸਫਰ ਸਿਰੇ ਲਾ ਦਿੱਤਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਕੁਝ ਆਗੂ ਸਿੱਖਾਂ ਨੂੰ ਇਕ ਵੇਰ ਸੋਧ ਰੱਖਣ ਲਈ ਕਿਹਾ, ਉਹਨਾਂ ਵਿਚੋਂ ਇੱਕ ਨੇ ਕਿਹਾ "ਜੇ ਸਾਧੂ ਸਿੰਘ ਕਿਸਾਨ ਰੱਖ ਲਵੇ ਤਾਂ ਅਸੀਂ ਵੀ ਰੱਖ ਲਵਾਂਗੇ" ਬਾਹਰ-ਅੰਦਰ ਵਿਚਰਨ ਵਾਲੇ ਆਗੂਆਂ ਨੇ ਖਾਣ-ਪੀਣ ਦੀਆਂ ਪਾਬੰਧੀਆਂ ਤੋਂ ਬਚਨ ਲਈ ਆਪਣੇ ਵੱਲੋਂ ਇਹ ਅੜਿੱਕਾ ਢੂੰਡਿਆ ਸੀ। ਬੁੱਢੀਮਾੜੀ ਜਿੱਥੇ ਕਿਸਾਨ ਪਰਿਵਾਰ ਸੰਤ ਨਗਰੋਂ ਕੁਝ ਵਰ੍ਹੇ ਕੱਟ ਕੇ ਆ ਟਿਕਿਆ ਸੀ; ਸਾਧੂ ਸਿੰਘ ਪੱਠੇ ਕੁਤਰਦੇ ਨੂੰ ਸਤਿਗੁਰੂ ਜੀ ਦਾ ਸੁਨੇਹਾ ਮਿਲਿਆ, ਤੁਰਤ ਪੁੱਜੋ; ਮੁੜਕੋ ਮੁੜਕੀ ਸਾਇਕਲ ਤੇ ਹਾਜ਼ਿਰ ਹੋਇਆ। ਜਦੋਂ ਸਤਿਗੁਰੂ ਜੀ ਹੁਕਮ ਸੁਣਾਇਆ ਤੁਰੰਤ 'ਸਤਿ ਬਚਨ' ਸੋਚਾਂ ਦਾ ਵਕਤ ਹੀ ਨਾ ਮੰਗਿਆ। ਸੋਧ ਰੱਖ ਕੇ ਹੀ ਘਰ ਪੁੱਜਿਆ ਤੇ ਗੁਰੂ ਹੁਕਮ ਤੇ ਫੁੱਲ ਚੜ੍ਹਾਏ। ਬਹੁਤ ਸਾਰੇ ਪ੍ਰਬੰਧਕੀ ਕਾਰਜਾਂ ਵਿੱਚ ਵੀ ਜਿੱਥੇ ਤੇ ਜਦੋਂ ਵੀ ਸਤਿਗੁਰੂ ਜੀ ਹੁਕਮ ਕਰਦੇ, ਸਾਧੂ ਸਿੰਘ ਸੇਵਾ ਨਿਭਾਉਂਦੇ।

ਸਾਧੂ ਸਿੰਘ ਕਿਸਾਨ ਹੋਰਾਂ ਦੇ ਜਿੰਮੇ, 'ਜੱਸ-ਜੀਵਨ' ਵੱਡ ਆਕਾਰੀ ਗ੍ਰੰਥ ਦੀਆਂ ਪਹਿਲੀਆਂ ਤਿੰਨ ਜਿਲਦਾਂ ਛਪਵਾਉਣ ਦੀ ਵੱਡੀ ਸੇਵਾ ਵੀ ਲੱਗਦੀ ਹੈ।

ਪਹਿਲੀਆਂ ਤਿੰਨ ਜਿਲਦਾਂ ਕ੍ਰਮਵਾਰ 1971,74 ਅਤੇ 76 ਈ. ਵਿੱਚ ਤੇਜਾ ਸਿੰਘ ਸੇਠੀ ਹੋਰਾਂ ਦੇ ਤੇਜ ਪ੍ਰਿੰਟਿੰਗ ਪ੍ਰੈਸ ਕਟੜਾ ਸ਼ੇਰ ਸਿੰਘ ,ਅੰਮ੍ਰਿਤਸਰ ਤੋਂ ਛਪੀਆਂ ਸਨ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਅੱਜ ਜਿਉਂ ਬੱਸਾਂ ਤੇ ਹੋਰ ਸੁਖ ਸਾਧਨਾ ਨੇ ਬੁੱਢੀ ਮਾੜੀ (ਐਲਨਾਬਾਦ) ਤੋਂ ਅੰਮ੍ਰਿਤਸਰ ਦਾ ਸਫਰ ਐਨਾ ਸੁਖਾਲਾ ਨਹੀਂ ਸੀ ਕੀਤਾ। ਗੱਡੀਆਂ ਬੱਸਾਂ ਦੀ ਕਈ ਵਾਰੀ ਅਦਲਾ ਬਦਲੀ ਤੇ ਜਾਂਦਿਆਂ ਵੀ ਰਾਤ ਰਾਹ ਵਿੱਚ ਅਤੇ ਆਉਂਦਿਆਂ ਵੀ ਰਾਹ ਵਿੱਚ ਲੱਗਦੀ। ਘਰ ਵਿੱਚ ਸਭ ਤੋਂ ਵੱਡੇ ਹੋਣ ਕਾਰਨ, ਬੱਚੇ ਅਜੇ ਛੋਟੇ-ਛੋਟੇ ਸਨ, ਖੇਤੀ ਅਤੇ ਪਰਿਵਾਰਿਕ ਜ਼ਿੰਮੇਵਾਰੀਆਂ ਵੀ ਨਿਬਾਹੁਣੀਆਂ, ਸਮਾਜ ਵਿੱਚ ਵੀ ਵਿਚਰਨਾ। ਵਹਿਮੀ ਜੀ ਆਪਣੀ ਵਧਦੀ ਉਮਰ ਤੇ ਕੁਝ ਸਰੀਰਕ ਅਹੁਰਾਂ ਕਾਰਨ,ਪੁਸਤਕ ਛਪਾਈ ਦਾ ਕਾਰਜ ਛੇਤੀ ਸੰਪੂਰਨ ਕਰਨ ਲਈ ਟੁੰਬਦੇ ਰਹਿੰਦੇ। ਅੰਮ੍ਰਿਤਸਰ ਦੇ ਅਨੇਕ ਗੇੜੇ, ਕਦੇ ਵਹਿਮੀ ਜੀ ਨੂੰ ਲੈ ਕੇ ਅਤੇ ਕਦੇ ਉਹਨਾਂ ਤੋਂ ਬਗੈਰ, ਕਿਸਾਨ ਹੋਰਾਂ ਲਾਏ। ਵਹਿਮੀ ਜੀ ਦੇ ਲਿਖੇ ਨੂੰ ਵੀ ਪ੍ਰੈਸ ਵਾਲੇ ਪੜ੍ਹ ਨਹੀਂ ਸਨ ਸਕਦੇ।ਇਸ ਲਈ ਸਾਧੂ ਸਿੰਘ ਹੋਰਾਂ ਨੂੰ ਮਹੀਨਿਆਂ ਬੱਧੀ ਅੰਮ੍ਰਿਤਸਰ ਡੇਰੇ ਲਾਕੇ, ਮੂਲ ਲਿਖਤ ਟਾਇਪ ਵਾਲੇ ਨੂੰ ਪੜ੍ਹ ਕੇ ਸੁਨਾਉਣੀ ਪੈਂਦੀ। ਫਿਰ ਖਰੜਾ ਛਪਣ ਤੋਂ ਬਾਅਦ ਪਰੂਫ ਰੀਡਿੰਗ ਦਾ ਲੰਬਾ ਕਾਰਜ ਵੀ ਨਿਬਾਹੁੰਦੇ। ਇਹ ਉਹ ਸਮਾਂ ਸੀ ਜਦੋਂ ਵਹਿਮੀ ਪਰਿਵਾਰ ਇਕ ਫੌਜਦਾਰੀ ਮਾਮਲੇ ਕਾਰਨ ਮੁਸ਼ਕਿਲ ਸਮੇਂ ਚੋਂ ਲੰਘ ਰਿਹਾ ਸੀ।ਪਰਿਵਾਰ ਦੇ ਬਾਲਗ ਜੀਆਂ ਵਿਚੋਂ ਸਾਧੂ ਸਿੰਘ ਹੀ ਬਾਹਰ ਸੀ।ਵਹਿਮੀ ਜੀ ਆਪਣੀ ਸਥਿਤੀ ਨੂੰ ਵੇਖ ਕੇ ਵਾਰ ਵਾਰ ਸਾਧੂ ਸਿੰਘ ਨੂੰ ਕਹਿੰਦੇ ਸਨ ਵੇਖੀਂ ਕਿਤੇ ਮੁਕਦਮੇ ਦੀ ਪੈਰਵੀ ਵਿਚ ਹੀ ਸਾਰਾ ਸਮਾਂ ਨਾਂ ਲਾ ਛੱਡੀਂ, ਮੇਰੀਆਂ ਪੁਸਤਕਾਂ ਮੇਰੇ ਹੁੰਦਿਆਂ ਛਪ ਜਾਣ। ਤੇ ਇਹ ਸਾਧੂ ਸਿੰਘ ਦੀ ਸਿਰੜ ਅਤੇ ਮਜਬੂਤ ਮਨੋ ਸਥਿਤੀ ਸੀ ਕਿ ਦੋ ਭਾਗ ਪਹਿਲੇ ਵਹਿਮੀ ਜੀ ਦੇ ਹੁੰਦਿਆਂ ਛਪ ਗਏ ਅਤੇ ਤੀਸਰਾ ਛਪੇ ਦੀ ਖਬਰ ਤੇ ਵਹਿਮੀ ਜੀ ਨੂੰ ਮਿਲ ਗਈ ਸੀ,ਪਰ ਉਹ ਕਿਤਾਬਾਂ ਘਰ ਪੁੱਜਦਿਆਂ ਤੱਕ ਵਹਿਮੀ ਜੀ ਨਹੀਂ ਰਹੇ ਸਨ।ਸਾਧੂ ਸਿੰਘ ਨੂੰ 19 ਜੁਲਾਈ 1978 ਨੂੰ ਆਪਣੇ ਅੰਤਿਮ ਸਮੇਂ ਪਿਤਾ ਵਹਿਮੀ ਜੀ ਨੇ ਵੀ ਇਹੋ ਹਦਾਇਤ ਕੀਤੀ ਕਿ ਜੱਸ-ਜੀਵਨ ਦਾ ਬਾਕੀ ਛਪਣ ਵਾਲਾ ਹਿੱਸਾ, ਹਰ ਹਾਲਤ ਵਿਚ ਛਪ ਜਾਣਾ ਚਾਹੀਦਾ ਹੈ।ਸਭ ਤੋਂ ਛੋਟੇ ਪੁੱਤਰ ਗੁਰਮੁਖ ਸਿੰਘ ਪਾਸੋਂ ਉਹ ਖਰੜਾ ਪ੍ਰਾਪਤ ਕਰਕੇ, ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਤਹਿਤ, ਚਾਰ,ਪੰਜ ਅਤੇ ਛੇ ਭਾਗਾਂ ਵਿਚ ਨਾਮਧਾਰੀ ਦਰਬਾਰ ਨੇ 1991 ਤੋਂ 96 ਈ. ਤੱਕ ਛਪਵਾ ਦਿੱਤਾ।

ਜੱਸ-ਜੀਵਨ ਛਪਵਾਉਣ ਦੀ ਬਿਖਮ ਘਾਲਣਾ ਜਿਉਂ ਹੀ ਕਿਸਾਨ ਜੀ ਨੇ ਪਰਿਵਾਰ ਦੇ ਸਹਿਯੋਗ ਨਾਲ, ਉਹਨਾਂ ਦੇ ਚਲਾਣੇ ਤੋਂ ਬਾਅਦ 1996 ਈ. ਤੱਕ 18 ਵਰ੍ਹੇ ਲਗਾਤਾਰ 'ਸੰਤ ਤਰਨ ਸਿੰਘ ਵਹਿਮੀ ਸਿਮਰਤੀ ਸਮਾਗਮ’ ਆਯੋਜਿਤ ਕੀਤੇ। ਇਹਨਾਂ ਸਮਾਗਮਾਂ ਦਾ ਆਯੋਜਨ ਪਿੰਡ ਬੁੱਢੀ ਮਾੜੀ, ਸ੍ਰੀ ਗੁਰੂ ਹਰੀ ਸਿੰਘ ਕਾਲਜ ਸ੍ਰੀ ਜੀਵਨ ਨਗਰ, ਐਲਨਾਬਾਦ, ਸਿਰਸਾ ਆਦਿਕ ਅਸਥਾਨਾਂ ਤੇ ਬਦਲ-ਬਦਲ ਕੇ ਕੀਤਾ ਜਾਂਦਾ ਤਾਂ ਕਿ ਸਥਾਨਕ ਸਾਹਿਤਕਾਰਾਂ ਦੀ ਹਾਜ਼ਰੀ ਯਕੀਨੀ ਬਣੇ। ਪੰਜਾਬੀ ਦੇ ਉੱਘੇ ਲੇਖਕ, ਕਵੀ, ਆਲੋਚਨ, ਪੱਤਰਕਾਰ ਇਹਨਾਂ ਵਿਚ ਭਾਗ ਲੈਂਦੇ।ਸਤਿਗੁਰੂ ਜਗਜੀਤ ਸਿੰਘ ਜੀ ਵੀ ਇਹਨਾ ਸਮਾਗਮਾਂ ਨੂੰ ਕਈ ਵਾਰ ਨਿਵਾਜਿਆ ਕਰਦੇ ਸਨ। ਪੰਜਾਬੀ ਸਾਹਿਤ ਜਾਂ ਨਾਮਧਾਰੀ ਸਾਹਿਤ ਇਤਿਹਾਸ ਲੇਖਣ ਦੀ ਕਿਸੇ ਉੱਘੀ ਹਸਤੀ ਨੂੰ ਹਰ ਵਰ੍ਹੇ ਸੰਤ ਤਰਨ ਸਿੰਘ ਵਹਿਮੀ ਸਨਮਾਨ ਨਾਲ ਅਲੰਕ੍ਰਿਤ ਕੀਤਾ ਜਾਂਦਾ। ਜਦੋਂ ਪਰਿਵਾਰ ਨੂੰ ਸਮਾਗਮ ਰਚਾਉਂਦਿਆਂ ਲੰਬਾ ਸਮਾਂ ਬੀਤ ਗਿਆ ਤਾਂ ਸਤਿਗੁਰੂ ਜੀ ਨੇ ਸੰਨ 1997 ਦੇ ਪਹਿਲੇ ਮਹੀਨਿਆਂ ਵਿਚ ਸ੍ਰੀ ਭੈਣੀ ਸਾਹਿਬ ਵਹਿਮੀ ਜੀ ਦੀ ਯਾਦ ਵਿਚ ਵੱਡਾ ਸਮਾਗਮ ਕਰਵਾ ਕੇ ਅਗਲੇ ਕਈ ਸਾਲਾਂ ਤੱਕ ਇੱਥੇ ਹੀ ਵਹਿਮੀ ਯਾਦਗਾਰੀ ਸਮਾਗਮ ਕਰਵਾਏ। ਇਸੇ ਸਮੇਂ ਵਿਚ ਹੀ ਸੰਤ ਨਿਧਾਨ ਸਿੰਘ ਆਲਿਮ ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦੀ ਯਾਦ ਵਿਚ ਵੀ ਪ੍ਰੋਗਰਾਮ ਹੋਏ ਸਨ। ਇਸ ਹਰਿਆਣਾ ਵਾਸੀ ਪੰਜਾਬੀ ਲੇਖਕ, ਕਲਮਕਾਰ ਦੀ ਇਹ ਪ੍ਰਸਿੱਧੀ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਤੱਕ ਵੀ ਅੱਪੜ ਗਈ ਅਤੇ ਉਦੋਂ ਦੇ ਡਾਇਰੈਕਟਰ ਸ੍ਰੀ ਸੀ.ਆਰ. ਮੋਦਗਿੱਲ ਜੀ ਨੇ 'ਵਹਿਮੀ ਯਾਦਗਾਰੀ ਸਨਮਾਨ' ਹਰਿਆਣਾ ਦੇ ਪੰਜਾਬੀ ਲੇਖਕਾਂ ਲਈ ਜਾਰੀ ਕਰ ਦਿੱਤਾ। ਪਹਿਲਾ 51000 ਰੁਪੈ ਦਾ ਇਹ ਸਨਮਾਨ ਹੁਣ ਇੱਕ ਲੱਖ ਰੁਪਏ ਤੱਕ ਪੁੱਜ ਗਿਆ ਹੈ ਅਤੇ ਕਈ ਸੱਜਣ ਇਹਦੇ ਨਾਲ ਨਿਵਾਜੇ ਗਏ ਹਨ। ਇਸ ਕਾਰਜ ਦੀ ਸਫਲਤਾ ਪਿੱਛੇ ਵੀ ਸਤਿਗੁਰੂ ਜੀ ਦਾ ਅਸ਼ੀਰਵਾਦ ਅਤੇ ਸਾਧੂ ਸਿੰਘ ਦੀ ਕਾਰਜ ਕੁਸ਼ਲਤਾ ਸੀ।

ਸੰਨ 1970 ਈ. ਵਿੱਚ ਜੀਵਨ ਦੇ ਆਖਰੀ ਸਾਲਾਂ ਵਿਚ ਸੰਤ ਇੰਦਰ ਸਿੰਘ ਚੱਕਰਵਰਤੀ ਕੁਝ ਅਣਸੁਖਾਵੇਂ ਸਰੀਰਕ ਹਾਲਾਤ ਵਿਚ, ਬੁੱਢੀ ਮਾੜੀ ਪੁਰਾਣੇ ਮਿੱਤਰ ਵਹਿਮੀ ਜੀ ਕੋਲ ਕੁਝ ਸਮਾਂ ਆ ਕੇ ਰਹੇ ਸਨ। ਸਾਧੂ ਸਿੰਘ ਨੇ ਉਹਨਾਂ ਦੀ ਸੇਵਾ ਤੀਮਾਰਦਾਰੀ ਇਉਂ ਕੀਤੀ ਕਿ ਸੰਤ ਜੀ ਫਿਰ ਚੜ੍ਹਦੀ ਕਲਾ ਵਿਚ ਹੋ ਗਏ। ਨਵੰਬਰ 1976 ਵਿੱਚ ਜੀਵਨ ਦੇ ਆਖਰੀ ਪੜਾਅ ਤੇ, ਵੱਡੇ ਨਾਮਣੇ ਵਾਲੇ ਸਾਹਿਤਕਾਰ ਸ੍ਰ. ਗੁਰਬਖਸ਼ ਸਿੰਘ ਪ੍ਰੀਤ ਲੜੀ, ਪੁੱਤਰ ਨਵਤੇਜ ਸਿੰਘ ਅਤੇ ਪੁੱਤਰੀ ਓਮਾਂ, ਭਾਪਾ ਪ੍ਰੀਤਮ ਸਿੰਘ ਦਿੱਲੀ

ਆਦਿ ਨਾਲ, ਸਤਿਗੁਰੂ ਜਗਜੀਤ ਸਿੰਘ ਜੀ ਦੇ ਸੱਦੇ ਤੇ ਇਲਾਕਾ ਜੀਵਨ ਨਗਰ ਵੇਖਣ ਆਏ ਸਨ। ਇਹਨਾਂ ਸੰਤ ਤਰਨ ਸਿੰਘ ਵਹਿਮੀ ਹੋਰਾਂ ਦੇ ਜੀਵਨ ਬਾਰੇ "ਸੱਚ ਦੇ ਸਾਥੀ" 2009 ਵਿੱਚ, ਆਪਣੇ



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ੍ਰ. ਸਾਧੂ ਸਿੰਘ ਕਿਸਾਨ ਦੀ ਪੁਸਤਕ ਰਿਲੀਜ਼ ਕਰਦੇ ਹੋਏ।
ਖੱਬੇ ਸ੍ਰ. ਬਲੀ ਸਿੰਘ ਤੇ ਗੁਰਭੇਜ ਸਿੰਘ। ਅੱਸੂ ਦਾ ਮੇਲਾ ਸ੍ਰੀ ਭੈਣੀ ਸਾਹਿਬ (16 ਅਕਤੂਬਰ 2014)

ਸਾਰਿਆਂ ਵੀ ਪ੍ਰੀਤਮ ਸਿੰਘ ਕਵੀ ਅਤੇ ਜਗਦੀਸ਼ ਸਿੰਘ ਵਰਿਆਮ ਦੇ ਨਾਲ ਬਜ਼ੁਰਗ ਲੇਖਕ ਵਹਿਮੀ ਜੀ ਜੋ ਹੁਣ ਨੇਤਰ ਵਿਹੂਣੇ ਸਨ, ਉਹਨਾਂ ਨਾਲ ਗੱਲ ਬਾਤ ਬੁੱਢੀ ਮਾੜੀ ਘਰ ਜਾ ਕੇ ਕੀਤੀ ਸੀ। ਸਾਧੂ ਸਿੰਘ ਪ੍ਰੀਤ ਲੜੀ ਦਾ ਪਾਠਕ ਤਾਂ ਕਈ ਚਿਰ ਤੋਂ ਸੀ, ਪਰਿਵਾਰਿਕ ਪਰਿਵੇਸ਼ ਵਿਚੋਂ ਉਸਦੀ ਲੇਖਣੀ ਨੂੰ ਹੁੰਗਾਰਾ ਮਿਲਿਆ। ਕਵਿਤਾਵਾਂ ਤਾਂ ਉਹ ਭਰ ਜੁਆਨੀ ਤੋਂ ਲਿਖਦਾ, ਪੜ੍ਹਦਾ ਆ ਰਿਹਾ ਸੀ। ਆਖਰੀ ਉਮਰੇ ਉਸ ਨੇ ਵਾਰਤਕ ਤੇ ਵੀ ਹੱਥ ਅਜਮਾਇਆ। ਉਸ ਦੀਆਂ ਰਚਨਾਵਾਂ ਸਤਿਜੁਗ, ਵਰਿਆਮ, ਵਰਤਮਾਨ ਹਿੰਦੁਸਤਾਨ ਆਦਿ ਪਰਚਿਆਂ ਵਿਚ ਛਪਦੀਆਂ ਰਹੀਆਂ। ਸਿੱਖ ਇਤਿਹਾਸ ਨੂੰ ਉਸ ਤਾਰਤਿਕ ਵਿਧੀ ਨਾਲ ਘੋਖਿਆ, ਪਰਖਿਆ ਤੇ ਇਸ ਦੇ ਕੁਝ ਸ਼ਾਨਦਾਰ ਪਾਤਰਾਂ ਬਾਰੇ, ਇਤਿਹਾਸ ਦੀ ਧੂੜ ਝਾੜ ਪੂੰਝ ਕੇ ਕੀਮਤੀ ਲੇਖ ਲਿਖੇ। ਇਹ ਕਿਤਾਬਚਾ "ਸਿੱਖ ਇਤਿਹਾਸ ਦੀ ਝਲਕ" ਨਾਂ ਹੇਠ 2005 ਵਿਚ ਛਪਿਆ। ਸੰਸਮਰਣਾਂ ਤੇ ਆਧਾਰਿਤ ਅਤੇ ਪੂਰਵਜਾਂ ਬਾਰੇ ਕੁਝ ਅਹਿਮ ਵਾਕਿਆਤ ਬਿਆਨਦੀਆਂ ਰਚਨਾਵਾਂ ਦੀ ਕਿਤਾਬ 2010 ਵਿਚ ਆਈ। 'ਵਹਿਮੀ ਜੀ ਦੀਆਂ ਯਾਦਾਂ 1998 ਵਿਚ ਛਪੀ।' 'ਅਖਾਣਾਂ ਦੀ ਖਾਣ ਗੁਰਬਾਣੀ' ਤੇ 'ਗੁਰਬਾਣੀ ਦੀਆਂ ਜੀਵਨ ਜੁਗਤਾਂ" 2012 ਵਿਚ ਪ੍ਰਕਾਸ਼ਿਤ ਹੋਈਆਂ। ਇਹ ਕਿਤਾਬਾਂ ਉਹਨਾਂ ਦੇ ਗੁਰਬਾਣੀ ਦੇ ਗੂੜ੍ਹ ਗਿਆਨ ਤੇ ਆਧਾਰਿਤ ਸਨ। ਸਮੁੱਚੀਆ ਕਵਿਤਾਵਾਂ ਦੀ ਕਿਤਾਬ 'ਕਿਸਾਨ ਕਿਰਤਾਂ' 2013 ਵਿਚ ਆਈ।

ਸੰਤ ਤਰਨ ਸਿੰਘ ਵਹਿਮੀ ਹੋਰਾਂ ਦੇ ਨਾਮਧਾਰੀ ਸਤਿਗੁਰੂ ਸਾਹਿਬਾਨ, ਉੱਘੀਆਂ ਹਸਤੀਆਂ ਤੇ ਸਾਧੂ ਸੰਤਾਂ ਬਾਰੇ ਸਤਿਜੁਗ ਦੇ ਵਿਸ਼ੇਸ਼ ਅੰਕਾਂ ਵਿਚ ਛਪੇ ਲੇਖਾਂ ਨੂੰ ਇਕੱਤਰ ਕਰਕੇ ਭਤੀਜੇ ਗੁਰਭੇਜ ਸਿੰਘ ਗੁਰਾਇਆ ਨਾਲ ਰਲਕੇ ਕਿਤਾਬ ਸੰਪਾਦਿਤ ਕੀਤੀ। ਇਹ ਕਿਤਾਬ 2014 ਵਿੱਚ ਛਪੀ। ਅਗਲਾ ਨਿਸ਼ਾਨਾ, ਵਹਿਮੀ ਜੀ ਦੀਆਂ

ਸਤਿਜੁਗ ਵਿਚ ਚਾਰ ਦਹਾਕੇ ਤੱਕ ਛਪਦੀਆਂ ਰਹੀਆਂ ਕਵਿਤਾਵਾਂ ਨੂੰ ਸੰਪਾਦਿਤ ਕਰਕੇ ਛਪਵਾਉਣਾ ਸੀ ਪਰ ਅਚਾਨਕ ਸਿਹਤ ਵਿਗੜੀ। ਦਿਲ ਦੀਆਂ ਖੂਨ ਨਾੜੀਆਂ ਵਿਚ ਸਟੰਟ ਪਾਉਣੇ ਪਏ।ਆਗਿਆਕਾਰੀ ਪਰਿਵਾਰ ਨੇ ਖਿੜੇ ਮੱਥੇ ਸੇਵਾ ਕੀਤੀ।

ਪਰਿਵਾਰ ਵਿਚੋਂ ਛੋਟੇ ਦੋਵੇਂ ਪੁੱਤਰ ਬੁੱਢੀ ਮਾੜੀ ਅਤੇ ਵੱਡਾ ਗੁਰਬਖਸ਼ ਸਿੰਘ ਲੰਬੜਦਾਰ, ਐਲਨਾਬਾਦ ਮੰਡੀ ਵਿੱਚ ਰਹਿੰਦਾ ਹੈ।ਕਦੇ ਬੁੱਢੀ ਮਾੜੀ ਆ ਰਹਿਣਾ, ਕਦੇ ਸ਼ਹਿਰ ਚਲੇ ਜਾਣਾ। ਯਾਰਾਂ ਵਰਗਾ ਛੋਟਾ ਭਰਾ, ਆਸਾ ਦੀ ਵਾਰ ਦਾ ਪ੍ਰਸਿੱਧ ਕੀਰਤਨੀਆ ਅਤੇ ਇਲਾਕੇ ਦੀ ਲੋਕ ਪੰਚਾਇਤ ਦਾ ਉੱਘਾ ਰੁਕਨ, ਬਲੀ ਸਿੰਘ 8 ਮਾਰਚ 2020 ਨੂੰ ਚਲਾਣਾ ਕਰ ਗਿਆ।ਉਹਨਾਂ ਦੇ ਸਸਕਾਰ ਲਈ ਜਦੋਂ ਮੈਂ ਬਾਅਦ ਦੁਪਹਿਰ ਬੁੱਢੀ ਮਾੜੀ ਪੁੱਜਾ ਤਾਂ ਕਿਸਾਨ ਜੀ ਭਰਾ ਦੀ ਮ੍ਰਿਤਕ ਦੇਹ ਦੇ ਲਾਗੇ ਹੀ ਦੂਜੇ ਮੰਜੇ ਤੇ ਪਏ ਸਨ। ਇੱਕੋ ਝੋਰਾ ਕਰਨ 'ਵਾਰੀ ਮੇਰੀ ਸੀ, ਤੁਰ ਇਹ ਗਿਆ।' ਹੁਣ ਮੇਰਾ ਇੱਥੇ ਕੀ ਕੰਮ, 15 ਮਾਰਚ ਨੂੰ ਬਲੀ ਸਿੰਘ ਹੋਰਾਂ ਦੇ ਭੋਗ ਤੇ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦਿੱਤੇ ਸਨ। ਕਿਸਾਨ ਜੀ ਨੂੰ ਤਕੜੇ ਹੋ ਕੇ ਭਾਣੇ ਦੇ ਵਿਚ ਰਹਿਣ ਦਾ ਹੁਕਮ ਹੋਇਆ। ਕਿਸਾਨ ਜੀ ਛੁੱਟੀ ਮੰਗਦੇ ਸਨ। ਪਾਸ ਖੜੇ ਭੂਆ ਦੇ ਪੁੱਤਰ ਮਾ.ਅਮਰੀਕ ਸਿੰਘ ਹੋਰੀਂ ਕਹਿਣ ਲੱਗੇ, 'ਜੇ ਇਹਨੂੰ ਛੁੱਟੀ ਹੈ ਤਾਂ ਫਿਰ ਮੈਨੂੰ ਵੀ ਦੇ ਦਿਉ।' ਮਾਸਟਰ ਜੀ,ਕਿਸਾਨ ਜੀ ਤੋਂ ਪੌਣਾ ਕੁ ਸਾਲ ਵੱਡੇ ਹਨ।ਮੈਂ ਉਸ ਦਿਨ ਪਿੰਡ ਆਉਣ ਲੱਗਾ, ਆਖਰੀ ਦਰਸ਼ਨ ਕਿਸਾਨ ਜੀ ਦੇ ਕਰਕੇ ਆਇਆ ਸਾਂ।ਭੋਗ ਪੈਣ ਕਰਕੇ ਉਸ ਦਿਨ ਬਹੁਤ ਸਾਰੇ ਪੰਜਾਬੀ ਭਾਸ਼ਾ ਦੇ ਸਾਹਿਤਕਾਰ ਵੀ ਜੁੜੇ ਸਨ। ਸਭ ਕਿਸਾਨ ਜੀ ਨੂੰ ਵਾਰੀ ਵਾਰੀ ਆਉਣ ਲੱਗੇ ਮਿਲ ਰਹੇ ਸਨ। ਕਿਸਾਨ ਜੀ ਕਹਿ ਰਹੇ ਸਨ ਕਿ ਸਤਿਗੁਰੂ ਜੀ ਦੇ ਬਚਨਾਂ ਨਾਲ ਇਕ ਵੇਰ ਤਾਂ ਧੀਰਜ ਆਈ ਹੈ।ਫਿਰ ਦੇਸ਼ ਦੁਨੀਆਂ ਦਾ ਧਿਆਨ ਕਰੋਨਾ ਵਾਇਰਸ ਵੱਲ ਲੱਗ ਗਿਆ, 22 ਮਾਰਚ ਤੋਂ ਲੋਕ ਆਪੋ ਆਪਣੇ ਘਰਾਂ ਵਿਚ ਤਾੜੇ ਗਏ।ਜਿਸ ਦਿਨ ਸ੍ਰ. ਬਲੀ ਸਿੰਘ ਗਏ ਨੂੰ ਉਨੱਤੀਵਾਂ ਦਿਨ ਹੋਇਆ ਸੀ, 6 ਅਪਰੈਲ ਦੁਪਹਿਰੇ ਸਾਢੇ ਬਾਰਾਂ ਵਜੇ, ਕਿਸਾਨ ਜੀ ਵੀ ਅੰਤਿਮ ਫਤੇਹ ਬੁਲਾ ਗਏ।ਮਿਰਤਕ ਦੇਹ ਪਿੰਡ ਲਿਆ ਕੇ ਸ਼ਾਮ ਪੰਜ ਵਜੇ ਸਸਕਾਰ ਕਰ ਦਿੱਤਾ ਗਿਆ। 8 ਅਪਰੈਲ ਨੂੰ ਦੁਪਹਿਰੇ ਉਹਨਾਂ ਨਮਿੱਤ ਪਾਠ ਦੇ ਭੋਗ ਬਾਅਦ, ਅੰਤਿਮ ਅਰਦਾਸ ਕੀਤੀ ਗਈ।ਸਭ ਕੁਝ ਬਹੁਤ ਸਹਿਜ ਰੂਪ ਵਿਚ ਹੋ ਗਿਆ।

ਮਾ.ਅਮਰੀਕ ਸਿੰਘ, ਸਾਧੂ ਸਿੰਘ ਕਿਸਾਨ ਅਤੇ ਬਲੀ ਸਿੰਘ ਗੁਰਾਇਆ, ਤਿੰਨ ਭਰਾਵਾਂ ਦੀ ਤਰਿੱਕੜੀ ਨਾਮਧਾਰੀ ਹੋਲਿਆਂ ਮੇਲਿਆਂ ਅਤੇ ਹੋਰ ਸਮਾਗਮਾਂ ਤੇ ਇਕੱਠੀ ਪੁੱਜਦੀ।ਸ੍ਰੀ ਭੈਣੀ ਸਾਹਿਬ ਦੇ ਇਹਨਾਂ ਪੁਰਬਾਂ ਤੇ 'ਵਰਿਆਮ' ਮਾਸਿਕ ਜਲੰਧਰ, ਸਤਿਜੁਗ ਦੇ ਸਟਾਲਾਂ ਤੇ ਆਉਂਦੇ ਜਾਂਦਿਆਂ ਨੂੰ ਮਿਲਦੇ।ਇਹਨਾ ਤਿੰਨਾਂ ਨਾਲ ਜਦੋਂ ਜਗਦੀਸ਼ ਸਿੰਘ ਵਰਿਆਮ, ਤਾਰਾ ਸਿੰਘ ਅਨਜਾਣ ਵੀ ਜੁੜ ਜਾਂਦੇ, ਚੋਭਾਂ, ਵਿਅੰਗ ਤੇ ਕਹਿ-ਕਹੇ ਉੱਠਦੇ। ਕਿੱਥੇ ਤੁਰ ਗਏ ਉਹ ਸਾਡੇ ਹਾਸਿਆਂ ਦੇ ਜਾਦੂਗਰ,ਮਾਸਟਰ ਜੀ ਨੂੰ ਇਕੱਲਿਆਂ ਛੱਡ ਕੇ, ਰੱਬ ਖੈਰ ਕਰੇ!

-99963-71716

## ਸਾਧੂ ਸਿੰਘ ਕਿਸਾਨ ਦੀ ਕੁਰਬਾਨੀ

ਸਾਧੂ ਸਿੰਘ ਕਿਸਾਨ ਤਾਂ ਬਲੀ ਸਿੰਘ ਦਾ ਜਾਣਾਂ
ਉੱਕਾ ਹੀ ਨਹੀਂ ਸਹਾਰ ਸੱਕਿਆ।

ਉਹਦੇ ਜਾਣ-ਪਿਛੋਂ, ਏਸ ਜਹਾਨ ਉੱਤੇ,
ਇਕ ਮਹੀਨਾਂ ਵੀ ਨਹੀਂ ਗੁਜ਼ਾਰ ਸੱਕਿਆ।

ਸੱਚੇ ਸਤਿਗੁਰਾਂ ਤੋਂ ਛੁੱਟੀ ਮੰਗ ਲੀਤੀ,
ਚਿੱਤ ਝਟਕਿਓ ਨਹੀਂ ਉਭਾਰ ਸੱਕਿਆ।

ਪੁੱਤ ਪੋਤੇ ਪੜਪੋਤੇ ਵੀ ਕੋਲ ਹੈਸਨ,
ਬਾਝ ਬਲੀ ਸਿੰਘ ਸੀਨਾਂ ਨਹੀਂ ਠਾਰ ਸੱਕਿਆ।

ਮਰਿਆਂ ਨਾਲ ਨਹੀਂ ਕਦੇ ਵੀ ਕੋਈ ਮਰਿਆ,
ਏਸ ਅਖਾਣੋ ਕਿਸਾਨ ਹੋ ਪਾਰ ਸੱਕਿਆ।

ਰਾਮ ਲਛਮਣ ਦੀ ਜੋੜੀ ਤਾਂ ਚਲੀ ਗਈ ਏ,
ਕਿਸਾਨ ਬਲੀ ਹੋ ਨਿਸਾਰ ਸੱਕਿਆ।

ਅਮਰੀਕ ਸਿੰਘ
83072-90982

# ਵਾਰੇ ਦੇ ਵਾਰਸ
## ਸੰਤ ਬਲੀ ਸਿੰਘ ਜੀ ਗੁਰਾਇਆ

– ਹਰਪਾਲ ਸਿੰਘ ਸੇਵਕ

(ਸ਼ਰਧਾਂਜਲੀ ਵਜੋਂ)

'ਜੋੜੀਆਂ ਜਗ ਥੋੜੀਆਂ, ਪੰਜਾਬੀ ਦੀ ਪ੍ਰਸਿੱਧ ਕਹਾਵਤ ਅਨੁਸਾਰ ਅਜੇਹੇ ਭਰਾਵਾਂ ਦੀਆਂ ਜੋੜੀਆਂ ਵੀ ਵਿਰਲੀਆਂ ਹੀ ਵੇਖਣ ਵਿੱਚ ਆਉਂਦੀਆਂ ਹਨ, ਜੋ ਭਰਾਵਾਂ ਦੇ ਬਚਪਨ ਦੇ ਪ੍ਰੇਮ ਨੂੰ ਬੁਢੇਪੇ ਦੇ ਆਖਰੀ ਸਾਹਾਂ ਤੱਕ ਨਿਭਾ ਜਾਣ। ਅਜੇਹੀਆਂ ਥੋੜੀਆਂ ਜੋੜੀਆਂ ਵਿਚੋਂ ਹੀ ਇੱਕ ਜੋੜੀ ਸੀ ਸ੍ਰ. ਸਾਧੂ ਸਿੰਘ ਕਿਸਾਨ ਅਤੇ ਸੰਤ ਬਲੀ ਸਿੰਘ ਦੀ, ਜਿਨਾਂ ਨੇ ਭਰਾਵਾਂ ਦੇ ਪ੍ਰੇਮ ਦੇ ਮਜੀਠੀ ਰੰਗ ਵਿੱਚ ਤਾ-ਉਮਰ ਰੱਤੀ ਭਰ ਵੀ ਫਿੱਕ ਨਹੀਂ ਪੈਣ



ਦਿੱਤੀ। ਹਰ ਸੁਖ-ਦੁੱਖ, ਖੁਸ਼ੀ-ਗਮੀ ਅਤੇ ਮੇਲਿਆਂ-ਹੋਲਿਆਂ ਤੇ ਹਮੇਸ਼ਾਂ ਏਨਾਂ ਦੋਹਾਂ ਭਰਾਵਾਂ ਨੂੰ ਇਕੱਠੇ ਵੇਖਿਆ ਜਾਂਦਾ ਸੀ। ਜਿਥੇ ਕਿਸਾਨ ਜੀ ਆਪਣੇ ਪਿਤਾ ਸੰਤ ਤਰਨ ਸਿੰਘ ਵਹਿਮੀਂ ਜੀ ਦੇ ਸਾਹਿਤਕ ਵਾਰਸ ਵਜੋਂ ਜਾਣੇ ਜਾਂਦੇ ਹਨ। ਉਥੇ ਸੰਤ ਬਲੀ ਸਿੰਘ ਜੀ ਇਲਾਕਾ ਜੀਵਨ ਨਗਰ ਦੇ ਵਾਰੇ ਦੇ ਕੀਰਤਨ ਵਾਲੇ ਪੁਰਾਣੇ ਜਥੇ ਦੇ ਆਖਰੀ ਵਾਰਸ ਸਨ। ਇਸ ਵਾਰੇ ਦੇ ਜਥੇ ਦੇ, ਆਪਦੇ ਸੰਗੀ ਸਾਥੀ- ਜਥੇਦਾਰ ਦਲੀਪ ਸਿੰਘ, ਮਾਸਟਰ ਦਰਸ਼ਨ ਸਿੰਘ, ਗੁਰਮੁਖ ਸਿੰਘ ਫਲਕਈਏ, ਮੈਂਬਰ ਹਰਬੰਸ ਸਿੰਘ ਆਦਿ ਸਾਰੇ ਸਾਥੀ 'ਵਾਰੀ ਆਪੋ ਆਪਣੀ' ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਸੰਤ ਬਲੀ ਸਿੰਘ ਜੀ ਦੇ ਮੁੱਖ ਰੁਝੇਵਿਆਂ ਵਿੱਚ ਕੀਰਤਨ ਤੋਂ ਬਿਨਾਂ ਇਲਾਕਾ ਜੀਵਨ ਨਗਰ ਦੀ ਲੋਕ ਪੰਚਾਇਤ ਵਿੱਚ ਵੀ ਅਹਿਮ ਭੂਮਿਕਾ ਹੈ। ਸੱਜਣਾਂ ਦਾ ਜਾਂ ਵਿਰੋਧੀਆਂ ਦਾ ਕੋਈ ਮਸਲਾ ਜੇ ਆਪਦੇ ਸਾਮ੍ਹਣੇ ਆਇਆ ਤਾਂ ਆਪ ਦੀ ਨਿਰਪੱਖ ਸ਼ਖਸੀਅਤ ਵੱਲੇ ਕੋਈ ਪੱਖਪਾਤ ਦੀ ਉਂਗਲੀ ਨਹੀਂ ਕਰ ਸਕਿਆ।

ਸੰਤ ਬਲੀ ਸਿੰਘ ਜੀ ਦਾ ਪ੍ਰਵਾਰਕ ਪਿਛੋਕੜ ਨਾਮਧਾਰੀ ਪੰਥ ਦੀ ਸਾਜਨਾ ਵੇਲੇ ਤੋਂ ਹੀ ਟਕਸਾਲੀ ਨਾਮਧਾਰੀ ਪ੍ਰਵਾਰ ਨਾਲ ਜੁੜਦਾ ਹੈ। ਪਿੰਡ ਹਿੰਦੂ ਚੱਕ (ਗੁਜਰਾਂਵਾਲਾ ਹੁਣ ਪਾਕਿਸਤਾਨ) ਦਾ ਸਰਦਾਰ ਜਗੀਰਦਾਰ ਅਤਰ ਸਿੰਘ ਅੰਗ੍ਰੇਜ਼ ਹਕੂਮਤ ਵਲੋਂ ਮੁਨਸਫ ਥਾਪਿਆ ਹੋਇਆ ਸੀ। 19 ਵੀਂ ਸਦੀ ਦਾ ਸਤਵਾਂ ਦਹਾਕਾ, ਜਦੋਂ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਤਾਪ ਚੜ੍ਹਦੇ ਸੂਰਜ ਵਾਂਗ ਚੁਫੇਰੇ ਫੈਲ ਰਿਹਾ ਸੀ, ਵੱਡੇ-ਵੱਡੇ ਅਮਲੀ, ਪੰਜੇ ਐਬ ਸ਼ਰਈ ਅਤੇ ਬਦਮਾਸ਼, ਸਤਿਗੁਰੂ ਰਾਮ ਸਿੰਘ ਦੇ ਚਰਨੀਂ ਲੱਗ ਦੇਵਤੇ ਬਣ ਰਹੇ ਸਨ। ਦਸਮ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਰਹਿਤ ਮਰਿਯਾਦਾ ਅਤੇ ਨਿਆਰੀ ਪਹਿਚਾਨ ਮੁੜ ਕਾਇਮ ਹੋ ਚੁੱਕੀ ਸੀ। ਸਿੱਖੀ ਸਵੈਮਾਨ ਮੁੜ ਬੁਲੰਦੀਆਂ ਤੇ ਸੀ। ਪਿੰਡਾਂ ਦੇ ਪਿੰਡ ਨਾਮ ਦੀ ਰੰਗਣ ਵਿੱਚ ਰੰਗੇ ਅੰਮ੍ਰਿਤ ਛਕ ਕੇ ਸਿੰਘ ਸਜ ਰਹੇ ਸਨ। ਏਸੇ ਸਮੇਂ ਹੀ ਸ੍ਰ. ਅਤਰ ਸਿੰਘ ਦਾ ਇਕਲੌਤਾ ਪੁੱਤਰ ਸ੍ਰ. ਦਿਆਲ ਸਿੰਘ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਮਿਕਨਾਤੀਸੀ ਸ਼ਖਸੀਅਤ ਦਾ ਕੀਲਿਆ ਨਾਮਧਾਰੀ ਸਿੰਘ ਸਜ ਗਿਆ। ਪੁੱਤਰ ਦੇ ਜੀਵਨ ਵਿੱਚ ਆਈ ਤਬਦੀਲੀ ਅਤੇ ਉਸਦੀ ਪ੍ਰੇਰਣਾ ਸਦਕਾ ਪਿਤਾ ਸ੍ਰ. ਅਤਰ ਸਿੰਘ ਵੀ ਮਾਨਸ ਤੋਂ ਦੇਵਤਾ, ਬਣ ਗਿਆ। ਸੱਚੇ ਪਾਤਸ਼ਾਹ ਦਾ ਸੇਵਕ ਬਣ ਕੇ ਝੂਠੀ ਪਾਤਸ਼ਾਹੀ ਦੀ ਬਖਸ਼ੀ ਸਰਦਾਰੀ ਖੁਆਰੀ ਜਾਪਣ ਲੱਗੀ। ਅੰਗ੍ਰੇਜ ਹਕੂਮਤ ਦੀ ਵਫਾਦਾਰੀ ਦਾ ਤਿਆਗ ਕਰ ਕੂਕਾ ਅੰਦੋਲਨ ਦੇ ਆਜ਼ਾਦੀ ਸੰਗਰਾਮ ਦਾ ਭਾਈਵਾਲ ਬਣ ਗਿਆ।

ਸੰਨ 1872 ਈ. ਵਿੱਚ ਸ਼ਹੀਦੀ ਸਾਕਾ ਮਲੇਰਕੋਟਲਾ ਦਾ ਬਹਾਨਾ ਬਣਾ ਕੇ ਬਰਤਾਨਵੀ ਹਕੂਮਤ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ (ਬਰਮਾ) ਵਿਖੇ

ਜਲਾਵਤਨ ਕਰ ਦਿੱਤਾ। ਭੈਣੀ ਸਾਹਿਬ ਪੁਲਿਸ ਚੌਂਕੀ ਸਥਾਪਿਤ ਕਰ ਦਿੱਤੀ ਗਈ। ਸਾਰੇ ਨਾਮਧਾਰੀ ਪੰਥ ਨੂੰ ਜ਼ੁਰਾਇਮ-ਪੇਸ਼ਾ ਕਰਾਰ ਦੇ ਦਿੱਤਾ ਗਿਆ। ਕ੍ਰੀਬ ਅੱਧੀ ਸਦੀ ਭਰ ਨਾਮਧਾਰੀ ਸਿੱਖਾਂ ਤੇ ਵਿਦੇਸ਼ੀ ਸਰਕਾਰ ਨੇ ਅਕਹਿ ਤੇ ਅਸਹਿ ਤਸ਼ੱਦਦ ਕੀਤੇ। ਅਜੇਹੇ ਸਰਕਾਰੀ ਦਮਨ ਚੱਕਰ ਸਮੇਂ ਖੰਡੇ ਦੀ ਧਾਰ ਤੇ ਤੁਰਨ ਵਾਲੇ ਸਿਦਕੀ ਸਿੱਖ ਹੀ ਸਿੱਖੀ ਵਿੱਚ ਕਾਇਮ ਰਹੇ। ਸਤਿਗੁਰੂ ਹਰੀ ਸਿੰਘ ਜੀ ਵੇਲੇ ਸ੍ਰ. ਅਤਰ ਸਿੰਘ ਦਾ ਪ੍ਰਵਾਰ ਸਿੱਖੀ-ਸਿਦਕ ਦੀ ਕਸਵੱਟੀ ਤੇ ਪੂਰਾ ਉਤਰਿਆ। ਜਦ ਸਖਤੀਆਂ ਦਾ ਦੌਰ ਕੁਝ ਮੱਠਾ ਪਿਆ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪ੍ਰਚਾਰ ਦੌਰੇ ਅਰੰਭ ਕੀਤੇ- 'ਹਿੰਦੂ ਚੱਕ, ਸ੍ਰ. ਦਿਆਲ ਸਿੰਘ ਦੇ ਪੁੱਤਰ ਸੰਤ ਸਿੰਘ ਜੀ ਦੇ ਘਰ ਵੱਡੇ ਪ੍ਰਤਾਪ ਵਾਲੇ ਸਤਿਗੁਰਾਂ ਦੇ ਕਮਰਕੱਸੇ ਖੁੱਲਦੇ। ਨਾਮਧਾਰੀ ਬਿਹੰਗਮ ਸਾਧੂਆਂ ਦਾ ਵੀ ਇਹ ਘਰ ਠਾਹਰ ਹੋਇਆ ਕਰਦਾ ਸੀ। ਹੱਲੇ ਦੇ ਦੀਵਾਨ ਸੱਜਦੇ ਅਤੇ ਮੇਲੇ ਬਣੇ ਰਹਿੰਦੇ। ਸ੍ਰ. ਸੰਤ ਸਿੰਘ ਜੀ ਦੇ ਸਪੁੱਤਰ ਸੰਤ ਤਰਨ ਸਿੰਘ ਵਹਿਮੀ ਨੂੰ ਲਿਖਣ ਪੜ੍ਹਨ ਦੀ ਅਜੇਹੀ ਚੇਟਕ ਲੱਗੀ ਕਿ ਆਪ ਨਾਮਧਾਰੀ ਪੰਥ ਦੇ ਕੌਮੀ ਕਵੀ ਅਤੇ ਪ੍ਰਮਾਣਿਕ ਇਤਿਹਾਸਕਾਰ ਵਜੋਂ ਸਥਾਪਿਤ ਹਨ। ਕਈ ਕਾਵਿਕ ਅਤੇ ਵਾਰਤਕ ਦੀਆਂ ਪੁਸਤਕਾਂ ਤੋਂ ਬਿਨਾਂ ਵਹਿਮੀਂ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮੁੱਚਾ ਜੀਵਨ 'ਜੱਸ ਜੀਵਨ, ਦੇ ਛੇ ਭਾਗਾਂ ਵਿੱਚ ਕਲਮ ਬੱਧ ਕੀਤਾ। ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਹਰਿਆਣਾ ਸਰਕਾਰ ਵਲੋਂ ਵਹਿਮੀਂ ਜੀ ਦੀ ਪੰਜਾਬੀ ਸਾਹਿਤ ਨੂੰ ਦੇਣ ਸਦਕਾ ਢਾਈ ਲੱਖ ਦਾ 'ਸੰਤ ਤਰਨ ਸਿੰਘ ਵਹਿਮੀ ਯਾਦਗਾਰੀ' ਸਨਮਾਨ ਸ਼ੁਰੂ ਕੀਤਾ ਗਿਆ। ਜੋ ਕਿ ਹਰ ਵਰ੍ਹੇ ਕਿਸੇ ਵਿਸ਼ੇਸ਼ ਸਾਹਿਤਕਾਰ ਨੂੰ ਦਿੱਤਾ ਜਾਂਦਾ ਹੈ। ਅਜੇਹੀਆਂ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਅਤੇ ਸ਼ਾਨਾਮੱਤੇ ਵਿਰਸੇ ਵਾਲੇ ਪ੍ਰਵਾਰ ਦੇ ਹੋਣਹਾਰ ਸਪੁੱਤਰ ਸਨ ਸੰਤ ਬਲੀ ਸਿੰਘ ਜੀ।

ਸੰਨ 1947 ਦੇਸ਼ ਦੀ ਵੰਡ ਸਮੇਂ ਪੱਛਮੀਂ ਪੰਜਾਬ ਤੋਂ ਉੱਜੜ ਕੇ ਆਏ ਬਹੁਤ ਸਾਰੇ ਨਾਮਧਾਰੀ ਸਿੱਖ ਜ਼ਿਲਾ ਸਿਰਸਾ ਵਿਖੇ ਇਲਾਕਾ ਜੀਵਨ ਨਗਰ ਵਿੱਚ ਆ ਵੱਸੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨ ਪਾਉਣ ਨਾਲ- 'ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ।' ਗੁਰਵਾਕ ਸਾਕਾਰ ਹੋ ਗਿਆ। 'ਘਰਿ ਘਰਿ ਅੰਦਰਿ ਧਰਮਸਾਲ' ਬਣ ਗਈ। ਪਿੰਡੋ-ਪਿੰਡੀਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ। ਜਗਮਲੇਰੇ ਤੋਂ ਸੰਤ ਨਗਰ ਬਣਿਆ ਪਿੰਡ, ਸੰਤ ਆਲਾ ਸਿੰਘ ਜੀ ਅਤੇ ਉਨ੍ਹਾਂ ਦੇ ਜਥੇ ਕਰਕੇ ਸਿੱਖੀ ਦੀ ਨਿਆਈ ਬਣ ਗਿਆ। ਵਹਿਮੀ ਜੀ ਨੇ ਆਪਣੇ ਪੁੱਤਰ ਬਲੀ ਸਿੰਘ ਨੂੰ ਕੀਰਤਨ ਸਿੱਖਣ ਲਈ ਪ੍ਰੇਰਿਆ ਅਤੇ ਸੰਤ ਹਰਨਾਮ ਸਿੰਘ ਜੀ ਬਾਲੜਕਿਆਂ ਵਾਲਿਆਂ ਪਾਸ ਹਰਮੋਨੀਅਮ ਸਿੱਖਣ ਲਈ ਸ਼ਾਗਿਰਦ ਬਣਾਇਆ। ਜਦੋਂ ਕਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਨਮੁਖ ਵਾਰੇ ਦੇ ਕੀਰਤਨ ਵਿੱਚ ਬਲੀ ਸਿੰਘ ਜੀ ਨੂੰ ਹਰਮੋਨੀਅਮ ਵਜਾਉਣ ਅਤੇ ਕੀਰਤਨ ਕਰਨ ਦਾ ਸੁਭਾਗ ਪ੍ਰਤਾਪ ਹੁੰਦਾ, ਸਤਿਗੁਰੂ ਸੱਚੇ ਪਾਤਸ਼ਾਹ ਇਸ ਨੌਜੁਆਨ ਨੂੰ ਅਪਾਰ ਖੁਸ਼ੀਆਂ ਬਖਸ਼ਦੇ। ਕਈ ਵੇਰ ਆਪ ਜੀ, ਰਾਗ ਦੇ ਅਤੇ ਕੀਰਤਨ ਦੇ ਗੁਰ ਸਮਝਾਉਂਦੇ। ਇਸ ਤਰ੍ਹਾਂ ਰਾਗ ਸਿੱਖਣ ਦੀ ਰੀਝ ਅਤੇ ਕੀਰਤਨ ਦੇ ਪ੍ਰੇਮ ਸਦਕਾ ਸੰਤ ਬਲੀ ਸਿੰਘ ਜੀ ਹਰਮੋਨੀਅਮ ਦੇ ਸਿੱਧ ਹਸਤ ਵਜੰਤਰੀ ਬਣ ਗਏ। ਨਾਮਧਾਰੀ ਮੇਲਿਆਂ ਵਿੱਚ ਆਪ ਦੀ ਮੌਜੂਦਗੀ ਹੱਲੇ ਦੇ ਦੀਵਾਨਾਂ ਅਤੇ ਵਾਰੇ ਦੀ ਜਿੰਦਜਾਨ ਹੋਇਆ ਕਰਦੀ ਸੀ। ਜਥੇਦਾਰ ਦਲੀਪ ਸਿੰਘ ਅਤੇ ਜਥੇਦਾਰ ਗਿਆਨ ਸਿੰਘ ਵੀਰੋਕਿਆਂ ਵਾਲਿਆਂ ਦੇ ਦੀਵਾਨਾਂ ਵਿੱਚ ਗੁਰਮੁਖ ਸਿੰਘ ਖਾਰਾ ਦੀ ਢੋਲਕ ਦੇ ਤਾਲ ਅਤੇ ਸੰਤ ਬਲੀ ਸਿੰਘ ਦੇ ਹਰਮੋਨੀਅਮ ਦੀਆਂ ਮਧੁਰ ਸੁਰਾਂ ਅਜੇਹਾ ਰੰਗ ਬੰਨਦੀਆਂ ਕਿ ਮਸਤੀ ਦਾ ਆਲਮ ਤਾਰੀ ਹੁੰਦਾ। ਕੀਰਤਨ ਦੇ ਪ੍ਰੇਮੀ ਸਿੱਖ ਮੋਰਾਂ ਵਾਂਗ ਮਸਤ ਹੋ ਪੈਲਾਂ ਪਾਉਂਦੇ, ਮਸਤਾਨੇ ਹੋ ਜਾਂਦੇ। ਸੰਤ ਬਲੀ ਸਿੰਘ ਜੀ ਸੁੱਚੀ ਕਿਰਤ ਕਰਨ ਵਾਲੇ ਜਿਮੀਂਦਾਰ ਅਤੇ ਗੁਰਬਾਣੀ ਦੇ ਪ੍ਰੇਮੀ ਕੀਰਤਨੀਏ ਹੋਣ ਦੇ ਨਾਲ-ਨਾਲ ਉੱਘੇ ਸਮਾਜ ਸੇਵੀ ਵੀ ਸਨ। ਆਪ ਰਾਣੀਆਂ ਤਹਿਸੀਲ ਦੀ ਲੋਕ ਪੰਚਾਇਤ ਦੇ ਮੋਢੀ ਮੈਂਬਰਾਂ ਵਿਚੋਂ ਸਨ। ਪਿਛਲੇ ਕ੍ਰੀਬ 15 ਕੁ ਵਰ੍ਹਿਆਂ ਤੋਂ ਸੰਤ ਨਗਰ ਵਿਖੇ ਬੱਚਿਆਂ ਨੂੰ ਹੱਲੇ ਦੀ ਕੀਰਤਨ ਸ਼ੈਲੀ ਦੀ ਸਿੱਖਿਆ ਵੀ ਦੇ ਰਹੇ ਸਨ। ਸੰਨ 2019 ਦੇ ਅੱਸੂ ਦੇ ਮੇਲੇ ਸਮੇਂ ਸਤਿਗੁਰੂ ਉਦੇ ਸਿੰਘ ਜੀ ਨੇ ਸੰਤ ਬਲੀ ਸਿੰਘ ਜੀ ਨੂੰ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਯਾਦਗਾਰੀ ਸਨਮਾਨ ਨਾਲ ਨਿਵਾਜਿਆ।

ਸਰੂ ਜੇਹਾ ਕੱਦ, ਛਾਂਟਵਾਂ ਅਤੇ ਫੁਰਤੀਲਾ ਸਰੀਰ, ਫੱਬਵਾਂ ਅਤੇ ਸੱਜਿਆ-ਸੰਵਰਿਆ ਦਾਹੜਾ, ਸਿੱਧਾ ਦਸਤਾਰਾ, ਸਵੱਛ ਸਫੈਦ ਗੁਰਮੁਖੀ ਪਹਿਰਾਵਾ, ਉਲਝਣਾਂ ਨੂੰ ਸੁਲਝਾਉਣ ਵਾਲੇ ਅਤੇ ਟੁੱਟਿਆਂ ਨੂੰ ਜੋੜਨ ਵਾਲੇ ਸੁਘੜ ਪੰਚਾਇਤੀ, ਗੰਭੀਰਤਾ ਅਤੇ ਖੇੜੇ ਦਾ ਸੁਮੇਲ, ਕਿਰਤੀ ਅਤੇ ਕੀਰਤਨੀਏ, ਬੜੀ ਨਿੱਘੀ, ਪਿਆਰੀ ਅਤੇ ਮਿਲਾਪੜੀ ਸ਼ਖਸੀਅਤ ਸਨ- ਸੰਤ ਬਲੀ ਸਿੰਘ ਜੀ। ਜਿਨਾਂ ਤੇ ਵੱਡੇ ਪ੍ਰਤਾਪ ਵਾਲੇ ਸਤਿਗੁਰਾਂ ਦੀਆਂ ਵੱਡੀਆਂ ਬਖਸ਼ਿਸ਼ਾਂ ਸਨ। ਬੇਅੰਤ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦਾ ਜਿਨ੍ਹਾਂ ਬੇਅੰਤ ਪਿਆਰ ਮਾਣਿਆ ਅਤੇ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਨਾਲ ਅੰਤਮ ਸੁਆਸਾਂ ਤੱਕ ਪ੍ਰੀਤ-ਪਰਤੀਤ ਨਿਭਾ ਗਏ। 'ਸੇਵਕ ਕੀ ਓੜਕ ਨਿਬਹੀ ਪ੍ਰੀਤਿ' ਗੁਰਵਾਕ ਅਨੁਸਾਰ ਸੰਤ ਬਲੀ ਸਿੰਘ ਜੀ ਗੁਰਮੁਖਾਂ ਵਾਲਾ ਜੀਵਨ ਬਤੀਤ ਕਰਕੇ 8 ਮਾਰਚ 2020 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

# ਗੁਰੂ ਚਰਨਾਂ ਦੀ ਅਨਿੰਨ-ਭਗਤ

## ਮਾਤਾ ਨਰਿੰਦਰ ਕੌਰ ਜੀਵਨ ਯਾਤਰਾ ਸੰਪੂਰਨ ਕਰ ਗਏ

## (ਸ਼ਰਧਾਂਜਲੀ ਵਜੋਂ)

ਹਰਪਾਲ ਸਿੰਘ ਸੇਵਕ



ਮਾਤਾ ਨਰਿੰਦਰ ਕੌਰ ਸੁਪਤਨੀ ਸੰਤ ਕੁਲਦੀਪ ਸਿੰਘ (ਮਾਡਰਨ ਗਨ ਹਾਊਸ ਜੰਮੂ) 17 ਫਰਵਰੀ 2020 ਨੂੰ ਸਵੇਰੇ ਸਾਢੇ 6 ਵਜੇ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

ਮਾਤਾ ਦਾ ਪੇਕਾ ਅਤੇ ਸਹੁਰਾ ਪਰਿਵਾਰ ਟਕਸਾਲੀ ਨਾਮਧਾਰੀ ਸਨ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਸਨ। ਜਥੇਦਾਰ ਸੇਵਾ ਸਿੰਘ ਜੀ ਮੰਡੀ ਵਾਲੇ ਆਪ ਦੇ ਵੱਡੇ ਭਰਾ ਸਨ। ਸੂਬਾ ਸਾਧਾ ਸਿੰਘ ਜੀ ਮਾਤਾ ਦੇ ਭਤੀਜੇ ਹਨ। ਮਾਤਾ ਦੇ ਪਤੀ ਸੰਤ ਕੁਲਦੀਪ ਸਿੰਘ ਜੀ ਸੰਨ 1992 ਵਿਚ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਮਾਤਾ ਦੇ ਤਿੰਨ ਸਪੁੱਤਰ: ਸੂਬਾ ਸੁਖਦੇਵ ਸਿੰਘ (ਜੰਮੂ), ਸ੍ਰ. ਹਰਜਿੰਦਰ ਸਿੰਘ, ਸ੍ਰ. ਬਲਵਿੰਦਰ ਸਿੰਘ ਅਤੇ ਤਿੰਨ ਸਪੁੱਤਰੀਆਂ: ਤੇਜਿੰਦਰ ਕੌਰ, ਲਖਵਿੰਦਰ ਕੌਰ, ਹਰਜਿੰਦਰ ਕੌਰ ਹਨ ਅਤੇ ਪੋਤਰਾ ਸਤਪਾਲ ਸਿੰਘ ਹੈ। ਧੀਆਂ, ਪੁੱਤਰਾਂ, ਪੋਤਰਿਆਂ, ਦੋਹਤਰਿਆਂ, ਦੋਹਤਰੀਆਂ ਵਾਲੇ ਵੱਡੇ ਬਾਗ ਪ੍ਰਵਾਰ ਵਾਲੀ ਮਾਤਾ ਨੇ ਆਪਣੇ ਸਾਰੇ ਬੱਚੇ ਬੱਚੀਆਂ ਨੂੰ ਗੁੜਤੀ ਗੁਰਮਤਿ ਦੀ ਦਿੱਤੀ। ਮਾਤਾ ਨਰਿੰਦਰ ਕੌਰ ਭਜਨ-ਬਾਣੀ ਅਤੇ ਸੇਵਾ-ਸਿਮਰਨ ਦੀ ਮੂਰਤਿ ਸੀ। ਜਲ ਵਿੱਚ ਕਮਲ ਫੁੱਲ ਦੀ ਤਰ੍ਹਾਂ ਗ੍ਰਿਹਸਤ ਜੀਵਨ ਵਿੱਚ ਵਿਰਕਤ ਵਿਚਰਨ ਵਾਲੀ ਮਾਤਾ ਹਮੇਸ਼ਾਂ ਨਾਮ ਦੀ ਰੰਗਣ ਵਿੱਚ ਰੰਗੀ ਰਹਿੰਦੀ। ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਮਾਤਾ ਨੂੰ 'ਮਸਤਾਨੀ, ਕਿਹਾ ਕਰਦੇ ਸਨ। ਮਾਤਾ ਨੇ ਵੱਡੇ ਪ੍ਰਤਾਪ ਵਾਲੇ ਪਾਤਸ਼ਾਹ ਦੀ ਚਰਨ ਸਰਨ ਦਾ ਅਨੰਦ ਮਾਣਿਆ। ਬੇਅੰਤ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬੇਅੰਤ ਬਖਸ਼ਿਸ਼ਾਂ ਸਨ ਏਸ ਪ੍ਰਵਾਰ ਤੇ। ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਨਾਲ ਪ੍ਰੀਤ-ਪ੍ਰਤੀਤ ਮਾਤਾ ਦੀ ਓੜਕ ਨਿਭ ਗਈ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜਦੋਂ ਵੀ ਜੰਮੂ ਦੌਰੇ ਜਾਂਦੇ ਕਈ ਵੇਰ ਸੰਤ ਕੁਲਦੀਪ ਸਿੰਘ ਜੀ ਦੇ ਗ੍ਰਿਹਿ ਵਿਖੇ ਡੇਰਾ ਹੁੰਦਾ। ਮਾਤਾ ਸਿੱਖਾਂ ਸਾਧਾਂ ਦੀ ਸੇਵਾ ਵਿੱਚ ਦਿਨ ਰਾਤ ਇਕ ਕਰ ਦੇਂਦੀ। ਜਿਵੇਂ ਕਿਸੇ ਰੁੱਖ ਦੇ ਫਲਾਂ ਤੋਂ ਉਸਦੇ ਗੁਣਾਂ ਦਾ, ਪਤਾ ਲਗਦਾ ਹੈ। ਮਾਤਾ ਦੇ ਧੀਆਂ ਪੁੱਤਰਾਂ ਦੀ ਗੁਰਮਤਿ ਵਿੱਚ ਦ੍ਰਿੜਤਾ ਮਾਤਾ ਨੂੰ ਇਕ ਪੂਰਨ ਮਾਂ ਹੋਣ ਦਾ ਦਰਜਾ ਦਿਵਾਉਂਦੀ ਹੈ। 'ਮਾਂ, ਜਿਸਨੂੰ ਮਨੁੱਖ ਦਾ ਪਹਿਲਾ ਗੁਰੂ ਆਖਿਆ ਜਾਂਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਾਵਨ ਪ੍ਰਵਚਨ ਹਨ ਕਿ ਬੱਚਿਆਂ ਨੂੰ ਬਲੀ ਬਣਾਉਣਾ ਅਤੇ ਬੱਚਿਆਂ ਨੂੰ ਸਿੱਖ ਬਣਾਉਣਾ ਮਾਵਾਂ ਦੇ ਅਖਤਿਆਰ ਹੈ। ਜੇ ਮਾਵਾਂ ਨਾਮ ਜੱਪਦਿਆਂ ਜਾਂ ਬਾਣੀ ਪੜਦਿਆਂ ਲੰਗਰ ਤਿਆਰ ਕਰਨਗੀਆਂ- ਤਾਂ ਉਸ ਲੰਗਰ ਵਿੱਚ ਅੰਮ੍ਰਿਤ ਵਰਗੀ ਸ਼ਕਤੀ ਹੋਵੇਗੀ, ਜੋ ਛਕਣਗੇ ਉਹ ਸਿੱਖ ਬਣਨਗੇ। ਏਸੇ ਤਰ੍ਹਾਂ ਦੇ ਗੁਰੂ ਬਚਨਾਂ ਦੀ ਕਸਵੱਟੀ ਤੇ ਪੂਰੀ ਉਤਰਨ ਵਾਲੀ ਇਕ ਆਦਰਸ਼ ਮਾਤਾ ਸੀ ਮਾਤਾ ਨਰਿੰਦਰ ਕੌਰ। ਸੰਤ ਨਿਸ਼ਾਨ ਸਿੰਘ ਜੀ ਦੀ ਮਾਂ ਬਾਰੇ ਲਿਖੀ ਨਜ਼ਮ ਦੀਆਂ ਕੁਝ ਸਤਰਾਂ ਮਾਤਾ ਨੂੰ ਸ਼ਰਧਾ ਪੁਸ਼ਪ ਵਜੋਂ ਭੇਟ ਹਨ:

ਕਿਸੇ ਕਿਹਾ ਘਣਛਾਵਾਂ ਬੂਟਾ,<br>
ਕਿਸੇ ਕਿਹਾ ਹੈ ਰੱਬ ਦੀ ਸੂਰਤ।<br>
ਕਿਸੇ ਕਿਹਾ ਇਹ ਜੀਵਨ ਦਾਤੀ,<br>
ਕਿਸੇ ਕਿਹਾ ਹੈ ਮਮਤਾ ਮੂਰਤ।<br>
ਕਿਸੇ ਏਸਨੂੰ ਗੁਰੂ ਆਖਿਆ,<br>
ਜੋ ਜੀਵਨ ਦਾ ਸਬਕ ਪੜ੍ਹਾਵੇ।<br>
ਦੁੱਖ ਬੱਚੇ ਦੇ ਨਿਜ ਸਿਰ ਝੱਲ ਕੇ,<br>
ਸੌ-ਸੌ ਰੱਬ ਦਾ ਸ਼ੁਕਰ ਮਨਾਵੇ।

ਮਾਤਾ ਦੇ ਵੱਡੇ ਸਪੁੱਤਰ ਸੂਬਾ ਸੁਖਦੇਵ ਸਿੰਘ ਹੁਰਾਂ ਨੇ ਆਪਣੀ ਮਾਤਾ ਤੋਂ ਸੁਣਿਆ ਇਕ ਬਚਨ ਸੁਣਾਇਆ: ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਇਕ ਵੇਰ ਮਾਤਾ ਦੀ

ਸੇਹਤ ਢਿੱਲੀ ਹੋ ਗਈ, ਉਲਟੀਆਂ ਨਾ ਹਟਣ। ਮਾਤਾ ਨੇ ਆਪਣੇ ਭਰਾ ਜਥੇਦਾਰ ਸੇਵਾ ਸਿੰਘ ਹੁਰਾਂ ਨੂੰ ਕਿਹਾ, 'ਵੀਰ, ਮੈਂ ਕੀ ਕਰਾਂ ਮੇਰੀਆਂ ਉਲਟੀਆਂ ਨਹੀਂ ਠੀਕ ਹੋ ਰਹੀਆਂ।' ਜਥੇਦਾਰ ਜੀ ਨੇ ਕਿਹਾ- 'ਭੈਣ ਤੇਰੀਆਂ ਉਲਟੀਆਂ ਮੈਂ ਲੈ ਲੈਂਦਾ ਹਾਂ।' ਮਾਤਾ ਠੀਕ ਹੋ ਗਈ ਅਤੇ ਜਥੇਦਾਰ ਜੀ ਨੂੰ ਉਲਟੀਆਂ ਸ਼ੁਰੂ ਹੋ ਗਈਆਂ- ਹਰ ਦੂਜੇ, ਚੌਥੇ ਦਿਨ ਉਲਟੀਆਂ ਸ਼ੁਰੂ ਹੋ ਜਾਣੀਆਂ, ਬੜੇ ਤੰਗ ਹੋਣਾ, ਪਰ ਉਨ੍ਹਾਂ ਤਾਂ ਇਹ ਬਿਮਾਰੀ ਆਪ ਲਈ ਸੀ। ਕੁਝ ਸਮੇਂ ਬਾਅਦ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ) ਨੇ ਜਥੇਦਾਰ ਸੇਵਾ ਸਿੰਘ ਹੁਰਾਂ ਨੂੰ ਕਿਹਾ ਕਿ ਮੈਂ ਭੈਣੀ ਸਾਹਿਬ ਜਾਣਾ ਹੈ, ਤੁਸੀਂ ਮੇਰੇ ਨਾਲ ਚੱਲੋ। ਜਥੇਦਾਰ ਜੀ ਤਿਆਰ ਹੋ, ਨਾਲ ਗੱਡੀ ਵਿੱਚ ਬੈਠ ਗਏ। ਰਸਤੇ 'ਚ ਉਲਟੀਆਂ ਸ਼ੁਰੂ ਹੋ ਗਈਆਂ। ਪਰ ਗ਼ਰੀਬ ਨਿਵਾਜ ਜੀ ਸ਼ਾਇਦ ਜਥੇਦਾਰ ਜੀ ਦੀ ਬਿਮਾਰੀ ਕੱਟਣ ਲਈ ਹੀ ਨਾਲ ਲਿਆਏ ਸਨ। ਉਸ ਤੋਂ ਬਾਅਦ ਫੇਰ ਕਦੇ ਨਹੀਂ ਉਲਟੀਆਂ ਆਈਆਂ। ਸੂਬਾ ਜੀ ਨੇ ਦੱਸਿਆ ਕਿ ਇਕ ਵੇਰ ਸਾਡੇ ਮਾਤਾ ਜੀ ਕੋਠੇ ਤੋਂ ਡਿੱਗ ਪਏ। ਹਸਪਤਾਲ ਦਾਖਲ ਕਰਵਾਇਆ, ਬਚਨ ਦੀ ਉਮੀਦ ਨਹੀਂ ਸੀ। ਮੈਂ ਭੈਣੀ ਸਾਹਿਬ ਫੋਨ ਕੀਤਾ, ਮਾਤਾ ਚੰਦ ਕੌਰ ਜੀ ਨੇ ਚੁੱਕਿਆ, ਮੈਂ ਅਰਜ਼ ਕੀਤੀ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਅਰਜ਼ ਕਰਨੀ ਹੈ। ਮਾਤਾ ਜੀ ਨੇ ਫੋਨ ਗਰੀਬ ਨਿਵਾਜ਼ ਨੂੰ ਦੇ ਦਿੱਤਾ- ਮੈਂ ਅਰਜ਼ ਕੀਤੀ: 'ਪਾਤਸ਼ਾਹ ਜੀ, ਸਾਡੀ ਮਾਤਾ ਨੂੰ ਕੋਠੇ ਤੋਂ ਡਿੱਗ ਕੇ ਸੱਟਾਂ ਲੱਗ ਗਈਆਂ ਹਨ ਕਿਰਪਾ ਕਰੋ।' ਗ਼ਰੀਬ ਨਿਵਾਜ ਏਨਾ ਹੀ ਬਚਣ ਕੀਤਾ: 'ਕਿਰਪਾ ਹੋਵੇ ਛੇਤੀ-ਛੇਤੀ ਠੀਕ ਹੋ ਕੇ ਘਰ ਆਉਣ।' ਐਸੀ ਕਿਰਪਾ ਹੋਈ, ਅੱਜ ਹੋਰ ਕੱਲ੍ਹ ਹੋਰ, ਕੁਝ ਦਿਨਾਂ ਵਿੱਚ ਹੀ ਠੀਕ ਹੋ ਕੇ ਘਰ ਆ ਗਏ। ਉਸਤੋਂ ਬਾਅਦ ਕਈ ਵਰ੍ਹੇ ਵਧੀਆ ਚੱਲਦੇ ਫਿਰਦੇ ਰਹੇ।

ਸੂਬਾ ਜੀ ਨੇ ਦੱਸਿਆ ਕਿ ਸਾਡੇ ਮਾਤਾ ਜੀ ਦੀ ਉਮਰ ਹੁਣ ਕ਼ਰੀਬ 87-88 ਸਾਲ ਦੀ ਸੀ। ਅਖੀਰ ਕੁਝ ਦਿਨ ਹਸਪਤਾਲ ਰਹੇ। 17 ਫਰਵਰੀ ਨੂੰ ਜੀਵਨ ਯਾਤਰਾ ਪੂਰੀ ਕਰਕੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ। 18 ਫਰਵਰੀ ਨੂੰ ਸੂਬਾ ਸਾਧਾ ਸਿੰਘ ਜੀ ਦੇ ਜਥੇ ਦੀ ਅਗਵਾਈ ਵਿੱਚ ਢੋਲਕ ਛੈਣਿਆਂ ਨਾਲ ਕੀਰਤਨ ਕਰਦਿਆਂ ਜੋਗੀ ਘਾਟ (ਜੰਮੂ ਦੇ ਸ਼ਮਸ਼ਾਨ ਘਾਟ) ਵਿਖੇ ਪੂਰੀ ਗੁਰ ਮਰਿਯਾਦਾ ਨਾਲ ਮਾਤਾ ਦਾ ਅੰਤਮ ਸਸਕਾਰ ਕੀਤਾ ਗਿਆ। 19 ਫਰਵਰੀ ਨੂੰ ਤਵੀ ਨਦੀ ਵਿੱਚ ਫੁੱਲ ਪ੍ਰਵਾਹ ਕਰਕੇ ਘਰ ਆ ਕੇ ਸਹਿਜ ਪਾਠ ਆਰੰਭ ਕੀਤਾ। ਸ੍ਰੀ ਭੈਣੀ ਸਾਹਿਬ ਤੋਂ ਆਏ ਜਥੇਦਾਰ ਛਿੰਦਾ ਸਿੰਘ ਜੀ ਬੜੇ ਪ੍ਰੇਮ ਨਾਲ ਪਾਠ ਕਰਦੇ ਰਹੇ ਅਤੇ ਕਥਾ ਵੀ ਕਰਦੇ ਰਹੇ।

22-23 ਫਰਵਰੀ ਨੂੰ ਜਥੇਦਾਰ ਨਿਸ਼ਾਨ ਸਿੰਘ (ਦਿੱਲੀ) ਅਤੇ ਸੂਬਾ ਸਾਧਾ ਸਿੰਘ ਜੀ ਨੇ ਦੀਵਾਨ ਸਜਾਏ ਵਾਰੇ ਦਾ ਕੀਰਤਨ ਕੀਤਾ। ਮਾਤਾ ਨਮਿੱਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਦਾ ਸਮਾਗਮ ਗੁਰੂ ਨਾਨਕ ਦੇਵ ਚਾਂਦ ਨਗਰ ਵਿਖੇ ਰੱਖਿਆ ਗਿਆ। ਜਥੇਦਾਰ ਨਿਸ਼ਾਨ ਸਿੰਘ ਜੀ ਦੇ ਦੀਵਾਨ ਉਪਰੰਤ ਸੂਬਾ ਸਾਧਾ ਸਿੰਘ ਜੀ ਨੇ ਮਾਤਾ ਦੇ ਜੀਵਨ ਤੇ ਚਾਨਣਾ ਪਾਇਆ। ਨੌਵੇਂ ਮਹੱਲੇ ਦੇ ਸਲੋਕ ਅਤੇ ਸੱਦ ਦਾ ਪਾਠ ਕਰਨ ਉਪਰੰਤ ਅੰਤਮ ਅਰਦਾਸ ਕੀਤੀ ਗਈ। ਮਾਤਾ ਦੀ ਯਾਦ ਵਿੱਚ ਮੇਲੇ ਤੇ ਜੰਮੂ ਕਸ਼ਮੀਰ ਦੇ ਗਵਰਨਰ ਦੇ ਅਡਵਾਈਜ਼ਰ ਸ੍ਰੀ ਫਾਰੂਕ ਖਾਨ ਜੀ ਉਚੇਚੇ ਤੌਰ ਤੇ ਸ਼ਾਮਲ ਹੋਏ। ਇਸਤੋਂ ਬਿਨਾਂ ਇੰਗਲੈਂਡ, ਥਾਈਲੈਂਡ, ਗਵਾਲੀਅਰ, ਦਿੱਲੀ, ਮੰਡੀ, ਲੁਧਿਆਣਾ, ਚੰਡੀਗੜ੍ਹ, ਅੰਮ੍ਰਿਤਸਰ, ਬਟਾਲਾ ਆਦਿ ਸ਼ਹਿਰਾਂ ਤੋਂ ਭਰਪੂਰ ਸੰਗਤਾਂ ਵੀ ਹਾਜ਼ਰ ਸਨ। ਸੂਬਾ ਸੁਖਦੇਵ ਸਿੰਘ ਜੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ।

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥
ਜੀਵਤ ਸਾਹਿਬੁ ਸੇਵਿਓ ਅਪਨਾ,
ਚਲਤੇ ਰਾਖਿਓ ਚੀਤਿ॥

ਗੁਰਵਾਕ ਅਨੁਸਾਰ ਮਾਤਾ ਨਰਿੰਦਰ ਕੌਰ ਜੀ ਨਾਮ ਸਿਮਰਨ ਅਤੇ ਸੇਵਾ ਕਰਦਿਆਂ, ਜੀਵਨ ਸਫਲ ਕਰਕੇ ਸੱਚਖੰਡ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

## ਸ਼ੋਕ ਮਤਾ

ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ, ਸਭਾ ਦੇ ਪੁਰਾਣੇ ਮੈਂਬਰ ਵਧੀਆ ਕਵੀ ਅਤੇ ਬਹੁਤ ਹੀ ਸੂਝਵਾਨ ਪਿਆਰੇ ਸੱਜਣ, ਮਾਸਟਰ ਮਹਿਲ ਸਿੰਘ ਮੱਲੀ, ਪਿੰਡ ਅਮ੍ਰਿਤਸਰ ਕਲਾਂ, ਸਿਰਸਾ ਹਰਿਆਣਾ ਦੇ ਸਦੀਵੀ ਵਿਛੋੜੇ ਤੇ ਬਹੁਤ ਦੁੱਖ ਤੇ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੋਈ ਸ੍ਰੀ ਸਤਿਗੁਰੂ ਜੀ ਦੇ ਚਰਨਾ ਵਿੱਚ ਅਰਦਾਸ ਕਰਦੀ ਹੈ ਕਿ ਉਹ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਲਖਵਿੰਦਰ ਸਿੰਘ ਬਾਜਵਾ
ਪ੍ਰਧਾਨ ਨਾਮਧਾਰੀ ਪੰਜਾਬੀ ਸਾਹਿਤ ਸਭਾ
ਸ੍ਰੀ ਜੀਵਨ ਨਗਰ।

# ਸੇਵਾ ਅਤੇ ਸਿਮਰਨ ਦੀ ਮੂਰਤਿ
## ਮਾਤਾ ਭਗਵਾਨ ਕੌਰ
### (ਸ਼ਰਧਾਂਜਲੀ ਵਜੋਂ)

ਤਰਨ ਸਿੰਘ ਬੱਲ



ਜਥੇ. ਜੀਤ ਸਿੰਘ ਮਾਤਾ ਭਗਵਾਨ ਕੌਰ

ਕਿਸੇ ਰੁੱਖ ਦੇ ਫਲ ਹੀ ਉਸਦੀ ਅਸਲੀ ਪਹਿਚਾਨ ਹੋਇਆ ਕਰਦੇ ਹਨ– ਏਸੇ ਤਰ੍ਹਾਂ ਧੀਆਂ ਪੁੱਤਰਾਂ ਤੋਂ ਮਾਂ ਦੇ ਗੁਣਾਂ ਦੀ, ਉਸ ਦੁਆਰਾ ਦਿੱਤੇ ਸੰਸਕਾਰਾ ਤੋਂ ਮਾਂ ਦੀ ਮਹਾਨਤਾ ਦਾ ਅਹਿਸਾਸ ਹੋ ਸਕਦਾ ਹੈ। ਮਾਤਾ ਭਗਵਾਨ ਕੌਰ ਜਿਸਨੇ ਉਮਰ ਭਰ ਘਰ ਪ੍ਰਵਾਰ ਦੀਆਂ ਜੁੰਮੇਵਾਰੀਆਂ ਨਿਭਾਉਂਦਿਆਂ, ਸੁੱਚੀ ਕਿਰਤ ਕਰਦਿਆਂ, ਸਾਧ ਸੰਗਤ ਦੀ ਸੇਵਾ ਕਰਦਿਆਂ ਅਤੇ ਨਾਮ-ਸਿਮਰਨ ਕਰਦਿਆਂ ਬਿਤਾਈ। ਆਪਣੇ ਬੱਚਿਆਂ ਨੂੰ ਗੁੜਤੀ ਗੁਰਮਤਿ ਅਤੇ ਸਿੱਖੀ ਸਿਦਕ ਦੀ ਦਿੱਤੀ। ਮਾਤਾ ਭਗਵਾਨ ਕੌਰ ਦੇ ਧੀਆਂ ਪੁੱਤਰ, ਪੋਤਰੇ, ਪੜਪੋਤੇ ਗੁਰੂ ਕੇ ਸਿਦਕੀ ਸਿੱਖ ਹਨ। ਆਪਣੇ ਪਤੀ ਜਥੇਦਾਰ ਜੀਤ ਸਿੰਘ ਜੀ ਦੇ 2008 ਈ: ਵਿਚ ਭੜਾਈ ਕਰ ਜਾਣ ਉਪਰੰਤ ਮਾਤਾ ਆਪਣੇ ਪੁੱਤਰਾਂ ਬਲਬੀਰ ਸਿੰਘ ਅਤੇ ਸੇਵਕ ਸਤਨਾਮ ਸਿੰਘ ਪਾਸ ਸ੍ਰੀ ਭੈਣੀ ਸਾਹਿਬ ਆ ਗਏ। ਜੀਵਨ ਦੇ ਆਖਰੀ 13 ਵਰ੍ਹੇ ਸ੍ਰੀ ਭੈਣੀ ਸਾਹਿਬ ਦੀ ਪਵਿਤ੍ਰ ਧਰਤੀ ਤੇ ਨਾਮ-ਸਿਮਰਨ ਕਰਦਿਆਂ ਸਫਲ ਕੀਤੇ। 23 ਫਰਵਰੀ 2020 ਨੂੰ ਮਾਤਾ ਆਪਣੀ ਜੀਵਨ ਯਾਤਰਾ ਸੰਪੂਰਨ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। 8 ਮਾਰਚ 2020 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਮਾਤਾ ਭਗਵਾਨ ਕੌਰ ਨਮਿੱਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਹੋਈ। ਇਸ ਸਮੇਂ ਸੇਵਕ ਹਰਪਾਲ ਸਿੰਘ ਨੇ ਮਾਤਾ ਬਾਰੇ ਸ਼ਰਧਾਂਜਲੀ ਵਜੋਂ ਕੁਝ ਸ਼ਬਦ ਕਹੇ– ਸੰਖੇਪ ਸਾਰ ਹੈ:

ਮਾਤਾ ਭਗਵਾਨ ਕੌਰ ਉਹ ਵਡਭਾਗੀ ਮਾਤਾ ਸੀ, ਜਿਸਨੂੰ ਵਡ-ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨਾਂ ਦਾ ਸੁਭਾਗ ਵੀ ਪ੍ਰਾਪਤ ਹੋਇਆ। ਲੰਮਾਂ ਸਮਾਂ ਸਤਿਗੁਰੂ ਜਗਜੀਤ ਸਿੰਘ ਦੀ ਚਰਨ ਸਰਨ ਵਿੱਚ ਬਿਤਾਇਆ ਅਤੇ ਹਾਜ਼ਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਨਾਲ ਪ੍ਰੀਤ ਤੋੜ ਨਿਭਾਈ। ਮਾਤਾ ਦਾ ਪੇਕਾ ਅਤੇ ਸਹੁਰਾ ਪ੍ਰਵਾਰ ਸਤਿਗੁਰੂ ਸੱਚੇ-ਪਾਤਸ਼ਾਹ ਦੇ ਸਿਦਕੀ ਸਿੱਖ, ਟਕਸਾਲੀ ਨਾਮਧਾਰੀ ਸਨ। ਪਿਤਾ ਸੰਤ ਹੀਰਾ ਸਿੰਘ ਅਤੇ ਮਾਤਾ ਜਸਵੰਤ ਕੌਰ ਦੇ ਗ੍ਰਹਿ ਵਿਖੇ ਕ੍ਰੀਬ ਸੰਨ 1941 ਵਿਚ ਮਾਤਾ ਭਗਵਾਨ ਕੌਰ ਦਾ ਜਨਮ ਹੋਇਆ। ਪਿਛਲਾ ਪਿੰਡ ਸਲਾਮਪਤਪੁਰ ਮਾੜੀ, ਤਸੀਲ ਉਕਾੜਾ (ਪਾਕਿਸਤਾਨ) ਸੀ। ਆਪ ਦੇ ਦੋ ਭਰਾ ਸਨ। ਸੰਤ ਪ੍ਰੀਤਮ ਸਿੰਘ ਚੇਲੇਕਿਆਂ ਰਾਹੀਂ ਮਾਤਾ ਦਾ ਰਿਸ਼ਤਾ ਜਥੇਦਾਰ ਜੀਤ ਸਿੰਘ ਜੀ ਨਾਲ ਹੋਇਆ ਅਤੇ 1959 ਈ: 18 ਅਗਸਤ ਨੂੰ ਅਨੰਦ ਕਾਰਜ ਹੋ ਗਿਆ। ਜਥੇਦਾਰ ਜੀਤ ਸਿੰਘ ਜੀ ਦੇ ਪਿਤਾ ਸੰਤ ਭਾਗ ਸਿੰਘ ਅਤੇ ਮਾਤਾ ਤੇਜ ਕੌਰ ਸਨ। ਆਪਦੇ ਦਾਦਾ ਸ. ਬੂਟਾ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਨਾਮਧਾਰੀ ਸਿੰਘ ਸਜੇ। ਪਿਛਲਾ ਪਿੰਡ ਚੰਦਰ ਜਿਲਾ ਸ਼ੇਖੂਪੁਰਾ (ਪਾਕਿਸਤਾਨ) ਸੀ। ਪਰ ਸੰਤ ਭਾਗ ਸਿੰਘ ਜੀ ਵੱਡ ਪ੍ਰਤਾਪੀ ਜੀ ਦੇ ਹੁਕਮ ਅਨੁਸਾਰ ਕ੍ਰੀਬ 1940 ਵਿਚ ਹੀ ਪੱਛਮੀਂ ਪੰਜਾਬ ਚੋਂ ਆ ਗਏ। ਪਹਿਲੋਂ ਤਾਂ ਪ੍ਰਵਾਰ ਸਮੇਤ ਸ੍ਰੀ ਭੈਣੀ ਸਾਹਿਬ ਹੀ ਰਹੇ, ਫੇਰ ਹੁਕਮ ਅਨੁਸਾਰ ਸਰਹੰਦ ਨਹਿਰ ਕੰਢੇ ਪਿੰਡ ਲੱਲਾਂ ਦਸਮ ਪਾਤਸ਼ਾਹ ਦੇ ਇਤਿਹਾਸਕ ਗੁਰਦੁਆਰੇ ਵਿਖੇ ਸੇਵਾ ਕਰਦੇ ਰਹੇ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਚੇਚਾ ਹੁਕਮ ਕਰਕੇ ਆਪ ਦੇ ਵੱਡੇ ਪੁੱਤਰ ਜੀਤ ਸਿੰਘ ਨੂੰ ਪੰਡਤ ਮਨਸਾ ਸਿੰਘ ਜੀ ਪਾਸ ਪੜ੍ਹਨ ਪਾਇਆ ਅਤੇ ਹੁਕਮ ਕੀਤਾ ਕਿ ਇਸਨੂੰ ਪੰਜਾਬੀ, ਗੁਰਬਾਣੀ ਅਤੇ ਗੁਰ ਇਤਿਹਾਸ ਪੜ੍ਹਾਓ। ਇਸਨੂੰ ਜਥੇਦਾਰ ਬਣਾਉਣਾ ਹੈ। ਜੀਤ ਸਿੰਘ ਨੇ ਗੁਰਬਾਣੀ ਅਤੇ ਗੁਰ ਇਤਿਹਾਸ ਦੇ ਨਾਲ-ਨਾਲ ਹੱਲੇ ਦਾ ਦੀਵਾਨ ਅਤੇ ਵਾਰਾ ਲਾਉਣਾ ਵੀ ਸਿੱਖ ਲਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਵੀ ਕੀਰਤਨ ਕਰਕੇ ਖੁਸ਼ੀਆਂ ਲਈਆਂ। ਜਥੇਦਾਰ ਜੀਤ ਸਿੰਘ ਜੀ ਦੇ ਤਿੰਨ ਭਰਾ ਅਤੇ ਇੱਕ ਭੈਣ ਸੀ।

ਆਪਦਾ ਪ੍ਰਵਾਰ ਬਾਜੇਕਾਂ ਖੇਤੀ ਕਰਨ ਲੱਗਾ।

ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਕਈ ਵੇਰ ਉਚੇਚਾ ਸੱਦ ਕੇ ਪਿੰਡ ਬਾਜੇਕਾਂ ਵਾਲੇ ਜਥੇ ਤੋਂ ਆਸਾ ਦੀ ਵਾਰ (ਵਾਰੇ) ਦਾ ਕੀਰਤਨ ਸੁਣਦੇ। ਸੰਨ 1969 ਵਿੱਚ ਆਪ ਬਾਜੇਕਾਂ ਤੋਂ ਮਲਕਫਾਰਮ (ਯੂ.ਪੀ.) ਚਲੇ ਗਏ। ਮਲਕ ਫਾਰਮ ਆਪ ਦੀ ਬਰਾਦਰੀ ਦੇ ਰਿਸ਼ਤੇਦਾਰਾਂ ਤੇ ਸੰਗੀਆਂ ਸਾਥੀਆਂ ਨੇ ਵੀ ਜਮੀਨ ਖਰੀਦ ਲਈ। ਏਥੇ ਵੀ ਨਾਮ-ਬਾਣੀ ਕਥਾ ਕੀਰਤਨ ਦਾ ਪ੍ਰਵਾਹ ਚੱਲਣ ਲੱਗਾ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਯੂ.ਪੀ. ਦੌਰੇ ਸਮੇਂ ਇਕ ਦੋ ਦਿਨਾਂ ਲਈ ਮਲਕਫਾਰਮ ਜਰੂਰ ਜਾਇਆ ਕਰਦੇ। ਜਥੇਦਾਰ ਜੀਤ ਸਿੰਘ ਅਤੇ ਮਾਤਾ ਭਗਵਾਨ ਕੌਰ ਦੇ ਪੰਜ ਪੁੱਤਰ ਅਤੇ ਦੋ ਪੁੱਤਰੀਆਂ ਹੋਈਆਂ। ਕ੍ਰਮਵਾਰ : ਸੁਖਵਿੰਦਰ ਸਿੰਘ, ਬਲਬੀਰ ਸਿੰਘ, ਦਲਬੀਰ ਸਿੰਘ, ਸਤਨਾਮ ਸਿੰਘ, ਹਰਮੀਤ ਸਿੰਘ ਅਤੇ ਬੀਬੀਆਂ ਜੀਤ ਕੌਰ ਅਤੇ ਮਲਕੀਤ ਕੌਰ ਹਨ। ਆਪਦਾ ਪੁੱਤਰ ਬਲਬੀਰ ਸਿੰਘ ਬਚਪਨ ਵਿਚ ਬਹੁਤ ਬਿਮਾਰ ਰਹਿਣ ਲੱਗਾ। ਬੀਬੀ ਭਗਵਾਨ ਕੌਰ ਨੂੰ ਦ੍ਰਿਸ਼ਟਾਂਤ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕੀਤਾ- ਇੱਕ ਬੱਚਾ ਮੈਨੂੰ ਦੇ ਦਿਉ, ਸਾਰੇ ਠੀਕ ਰਹਿਣਗੇ। ਉਦੋਂ ਤੋਂ ਹੀ ਬਲਬੀਰ ਸਿੰਘ ਨੂੰ ਗੁਰੂ ਘਰ ਨਮਿੱਤ ਸੁੱਖ ਲਿਆ। ਘਰ ਵਿਚ ਸਾਰੇ ਸੁੱਖੀ ਸਾਂਦੀ ਰਹੇ। ਇਕ ਵੇਰ ਯੂ.ਪੀ. ਦੌਰੇ ਸਮੇਂ ਬਾਲਕ ਬਲਬੀਰ ਸਿੰਘ ਨੂੰ ਹੁਕਮ ਕੀਤਾ ਕਿ ਆਪਣੇ ਪਿਤਾ ਤੋਂ ਕੋਈ ਸ਼ਬਦ ਵੀ ਸਿੱਖਿਆ ਹੈ। ਕਾਕੇ ਨੇ ਅਰਜ ਕੀਤੀ ਜੀ, ਇਕ ਸ਼ਬਦ ਆਉਂਦਾ ਹੈ। ਹੁਕਮ ਹੋਇਆ- ਕਲ ਨੂੰ ਵਾਰ 'ਚ ਸੁਣਾਂਗੇ। ਸੰਤ ਬਲੀ ਸਿੰਘ ਜੀ ਤੇ ਜਥੇਦਾਰ ਦਲੀਪ ਸਿੰਘ ਆਦਿ ਸੰਤ ਨਗਰ ਦੇ ਜਥੇ ਨੇ ਵਾਰਾ ਲਾਇਆ । 'ਤੁਮ ਘਰਿ ਆਵਹੁ ਮੇਰੇ ਮੀਤ' ਸ਼ਬਦ ਪੜ੍ਹਨ ਉਪਰੰਤ ਹੁਕਮ ਕੀਤਾ ਕੱਲ੍ਹ ਇੱਕ ਬੱਚੇ ਨੂੰ ਕਿਹਾ ਸੀ ਸ਼ਬਦ ਸੁਣਾਉਣ ਨੂੰ ਉਹ ਸ਼ਬਦ ਸੁਣਾਵੇ, ਕਾਕਾ ਬਲਬੀਰ ਸਿੰਘ ਨੇ ਵਾਰੇ ਵਾਲੇ ਜਥੇ ਪਾਸ ਖੜ੍ਹੇ ਹੋ ਕੇ 'ਤਾਤੀ ਵਾਉ ਨਾ ਲਗਈ ਪਾਰਬ੍ਰਹਮ ਸਰਣਾਈ' ਸ਼ਬਦ ਗਾ ਕੇ ਸੁਣਾਇਆ। ਪਾਤਸ਼ਾਹ ਜੀ ਨੇ ਬਹੁਤ ਖੁਸ਼ੀਆਂ ਬਖਸ਼ੀਆਂ ਬਲਬੀਰ ਸਿੰਘ ਨੂੰ। ਹੁਕਮ ਹੋਇਆ ਆਪਣੇ ਨਾਲ ਹੋਰ ਵੀ ਮੁੰਡੇ ਤਿਆਰ ਕਰ ਭੈਣੀ ਸਾਹਿਬ ਚੱਲੋ ਤੁਹਾਨੂੰ ਰਾਗ ਸਿਖਾਉਣਾ ਹੈ। ਉੱਨੀ ਸੌ ਬਿਆਸੀ ਹੋਲੇ ਤੋਂ ਬਾਅਦ ਬਲਬੀਰ ਸਿੰਘ ਕੇਦਾਰ ਸਿੰਘ ਅਤੇ ਗੁਲਜ਼ਾਰ ਸਿੰਘ ਸ੍ਰੀ ਭੈਣੀ ਸਾਹਿਬ ਆ ਗਏ ਇੱਥੇ ਗੁਰਬਾਣੀ ਪਾਠ ਸਿੱਖਿਆ ਕੁਝ ਸਮਾਂ ਹਰਮੋਨੀਅਮ ਤੇ ਸੁਰ ਅਭਿਆਸ ਵੀ ਕੀਤਾ। ਜਥੇਦਾਰ ਪਿਤਾ ਦਾ ਪੁੱਤਰ ਬਲਬੀਰ ਸਿੰਘ ਵੀ ਜੱਥੇਦਾਰ ਤੇ ਪਾਠੀ ਬਣ ਗਿਆ ਬਲਬੀਰ ਸਿੰਘ ਦੇ ਛੋਟਾ ਭਰਾ ਸਤਨਾਮ ਸਿੰਘ ਨੂੰ 1999 ਤੋਂ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀ ਹਜ਼ੂਰੀ ਸੇਵਾ ਦਾ ਸੁਭਾਗ ਪ੍ਰਾਪਤ ਹੋਇਆ ਸਤਿਗੁਰੂ ਸੱਚੇ ਪਾਤਸ਼ਾਹ ਦੀ ਬਖ਼ਸ਼ਿਸ਼ ਹੈ ਕਿ ਮਾਤਾ ਭਗਵਾਨ ਕੌਰ ਦਾ ਪਤੀ ਪਾਠੀ ਤੇ ਜਥੇਦਾਰ ਸੀ। ਪੁੱਤਰ ਬਲਵੀਰ ਸਿੰਘ ਪੋਤਰਾ ਬਿਧੀ ਸਿੰਘ ਅਤੇ ਪੜਪੋਤਰਾ ਬਲਜੀਤ ਸਿੰਘ ਸਾਰੇ ਹੀ ਵਾਰੇ ਦਾ ਕੀਰਤਨ ਅਤੇ ਹੱਲੇ ਦੇ ਦੀਵਾਨ ਲਗਾਉਂਦੇ ਹਨ।

ਬਲਬੀਰ ਸਿੰਘ ਨੇ ਦੱਸਿਆ ਕਿ ਸਾਡੇ ਘਰ ਸਿੱਖਾਂ ਸਾਧਾਂ ਦਾ ਆਉਣ ਜਾਣ ਬਣਿਆ ਰਹਿੰਦਾ ਸੀ। ਸਾਡੀ ਮਾਤਾ ਬੜੀ ਸ਼ਰਧਾ ਨਾਲ ਉਨ੍ਹਾਂ ਦੀ ਸੇਵਾ ਕਰਦੀ, ਜਦੋਂ ਵੀ ਸਾਡੇ ਪਰਿਵਾਰ ਚੋਂ ਕਿਸੇ ਨੇ ਭੈਣੀ ਸਾਹਿਬ ਆਉਣਾ ਤਾਂ ਸਾਡੀ ਮਾਤਾ ਨੇ ਘਰ ਦਾ ਬਣਾਇਆ ਘਿਉ ਅਤੇ ਖੋਆ ਜ਼ਰੂਰ ਸੱਚੇ ਪਾਤਸ਼ਾਹ ਜੀ ਨੂੰ ਭੇਟ ਕਰਨ ਲਈ ਭੇਜਣਾ। ਸਤਿਗੁਰੂ ਜਗਜੀਤ ਸਿੰਘ ਜੀ ਨੇ ਜਥੇਦਾਰ ਜੀ ਤੇ ਮਾਤਾ ਭਗਵਾਨ ਕੌਰ ਦੇ ਬੱਚਿਆਂ ਦੇ ਆਨੰਦ ਕਾਰਜ ਵੀ ਜਾਤਾਂ ਬਰਾਦਰੀਆਂ ਦੇ ਬੰਧਨ ਤੋੜ ਕੇ ਕੀਤੇ। ਜਿਸ ਨੂੰ ਇਸ ਪਰਿਵਾਰ ਨੇ ਖੁਸ਼ੀ ਨਾਲ ਧੰਨ ਭਾਗ ਸਮਝ ਕੇ ਪ੍ਰਵਾਨ ਕੀਤਾ। ਬਲਬੀਰ ਸਿੰਘ ਦਾ ਆਨੰਦ ਸੁਨਿਆਰੇ ਪਰਿਵਾਰ ਵਿੱਚ, ਦਲਬੀਰ ਸਿੰਘ ਦਾ ਆਨੰਦ ਮਿਸਤਰੀਆਂ 'ਚ ਸਤਨਾਮ ਸਿੰਘ ਦਾ ਰਾਜਪੂਤਾਂ 'ਚ ਅਤੇ ਬੇਟੀ ਦਾ ਜੱਟਾਂ 'ਚ ਆਨੰਦ ਕੀਤਾ। ਜਦੋਂ ਕਿ ਇਹ ਪਰਿਵਾਰ ਕਮੋ ਬਰਾਦਰੀ 'ਚੋਂ ਹੈ ਪਰ ਇਹ ਇੱਕ ਰੋਲ ਮਾਡਲ ਹੈ ਜੋ ਸਤਿਗੁਰੂ ਜਗਜੀਤ ਸਿੰਘ ਜੀ ਦੀ ਇੱਛਾ ਸੀ ਕਿ ਨਾਮਧਾਰੀ ਸਿੱਖ ਜੱਟ, ਕਮੋ, ਤਰਖਾਣ, ਨਾਈ, ਛੀਂਬੇ, ਘੁਮਿਆਰ ਆਦਿ ਨਾ ਹੋ ਕੇ ਸਿਰਫ ਨਾਮਧਾਰੀ ਹੋਣ। ਸੰਨ 2008 ਵਿੱਚ ਜਥੇਦਾਰ ਜੀਤ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਖੇ ਹੀ ਸਰੀਰ ਤਿਆਗ ਗਏ। ਉਸ ਤੋਂ ਬਾਅਦ ਮਾਤਾ ਭਗਵਾਨ ਕੌਰ ਆਪਣੇ ਪੁੱਤਰਾਂ ਪਾਸ ਸ੍ਰੀ ਭੈਣੀ ਸਾਹਿਬ ਹੀ ਰਹੇ। 2010 ਵਿੱਚ ਮਾਤਾ ਜੀ ਦੀ ਨਿਗ੍ਹਾ ਚਲੀ ਗਈ ਪਰ ਕਦੇ ਕੋਈ ਗਿਲਾ ਸ਼ਿਕਵਾ ਨਹੀਂ। ਰਜ਼ਾ 'ਚ ਰਾਜ਼ੀ ਰਹੇ, ਅਖੀਰ ਦਿਨਾਂ ਵਿੱਚ ਮਾਤਾ ਦੇ ਪੋਤਰੇ ਕਾਕਾ ਸੁਖਦੇਵ ਸਿੰਘ ਸਪੁੱਤਰ ਸਤਨਾਮ ਸਿੰਘ ਨੇ ਆਪਣੀ ਦਾਦੀ ਦੀ ਬਹੁਤ ਸੇਵਾ ਕੀਤੀ, ਬੜੀਆਂ ਅਸੀਸਾਂ ਲਈਆਂ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ ਕਰਦਿਆਂ ਬਿਨਾਂ ਕਿਸੇ ਸਰੀਰਕ ਤਕਲੀਫ ਦੇ ਮਾਤਾ ਭਗਵਾਨ ਕੌਰ ਜੀ 23 ਫਰਵਰੀ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

# 15 ਮਾਰਚ 2020 ਰਾਮਪੁਰ (ਬੁਢੀ ਮਾੜੀ) ਸਿਰਸਾ- ਹਰਿਆਣਾ

ਨਾਮਧਾਰੀ ਪੰਥ ਦੀ ਮਾਣਯੋਗ ਇਤਿਹਾਸਕ ਹਸਤੀ ਸੰਤ ਤਰਨ ਸਿੰਘ ਜੀ ਵਹਿਮੀਂ ਦੇ ਸਪੁੱਤਰ ਸੰਤ ਬਲੀ ਸਿੰਘ ਜੀ 8 ਮਾਰਚ 2020 ਨੂੰ ਆਪਣੇ ਪਿੰਡ ਰਾਮਪੁਰ (ਬੁੱਢੀ ਮਾੜੀ) ਵਿਖੇ ਯਾਤਰਾ ਸੰਪੂਰਨ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। 15 ਮਾਰਚ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜੂਰੀ ਵਿੱਚ ਸੰਤ ਬਲੀ ਸਿੰਘ ਜੀ ਨਮਿੱਤ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਇਆ ਗਿਆ ਅਤੇ ਸ਼ਰਧਾਂਜਲੀ ਸਮਾਰੋਹ ਹੋਇਆ।



ਸ਼ਰਧਾਂਜਲੀ ਸਮਾਗਮ ਦਾ ਮੰਚ ਸੰਚਾਲਨ ਕਰਦਿਆਂ ਸ੍ਰ. ਸੁਵਰਨ ਸਿੰਘ ਵਿਰਕ ਨੇ ਸੰਤ ਬਲੀ ਸਿੰਘ ਜੀ ਦੇ ਪਰਿਵਾਰਕ ਪਿਛੋਕੜ ਬਾਰੇ ਵਿਸਥਾਰ ਪੂਰਵਕ ਜ਼ਿਕਰ ਕੀਤਾ। ਆਪ ਨੇ ਦੱਸਿਆ ਕਿ ਸੰਤ ਬਲੀ ਸਿੰਘ ਜੀ ਬਹੁਪੱਖੀ ਸ਼ਖਸੀਅਤ ਸਨ। ਇਸ ਇਲਾਕੇ ਦੀ ਲੋਕ ਪੰਚਾਇਤ ਵਿੱਚ ਆਪਦੀ ਮੋਹਰੀ ਭੂਮਿਕਾ ਰਹੀ ਹੈ। ਇਸ ਤੋਂ ਬਿਨਾਂ ਆਪ ਨਿਰਬਾਣ ਕੀਰਤਨੀਏ ਹੋਣ ਦੇ ਨਾਲ ਨਿਸ਼ਕਾਮ ਕੀਰਤਨੀਏ ਵੀ ਸਨ। ਕੀਰਤਨ ਦੀ ਕਦੇ ਭੇਟਾ ਨਹੀਂ ਸਨ ਲੈਂਦੇ ਘਰੋਂ ਖਰਚ ਕਰਕੇ ਕੇਵਲ ਭਗਤੀ ਭਾਵਨਾ ਨਾਲ ਗੁਰੂ ਜੱਸ ਕਰਦੇ ਸਨ। ਆਪ ਨੇ ਧੀਆਂ, ਪੁੱਤਰਾਂ, ਪੋਤਰਿਆਂ, ਪੋਤਰੀਆਂ, ਦੋਹਤਰਿਆਂ ਵਾਲੇ ਵੱਡੇ ਬਾਗ- ਪ੍ਰਵਾਰ ਵਿੱਚ ਇਕ ਸਫਲ ਗ੍ਰਿਹਸਤੀ, ਸਮਾਜ ਸੇਵੀ, ਅਤੇ ਸੰਤਾਂ ਵਾਲਾ ਜੀਵਨ ਬਤੀਤ ਕੀਤਾ। ਸੰਤਾਨ ਵਜੋਂ ਆਪ ਦੇ ਦੋ ਸਪੁੱਤਰ- ਗੁਰਦੀਪ ਸਿੰਘ, ਗੁਰਭੇਜ ਸਿੰਘ ਅਤੇ ਤਿੰਨ ਸਪੁੱਤਰੀਆਂ ਜਿੰਦਰ ਕੌਰ, ਹਰਪਾਲ ਕੌਰ ਅਤੇ ਸੰਤੋਸ਼ ਕੌਰ ਹਨ।



ਸੰਤ ਬਲੀ ਸਿੰਘ ਜੀ ਦੇ ਸਿਮਰਤੀ ਸਮਾਗਮ ਵਿੱਚ ਦਿੱਲੀ, ਪੰਜਾਬ ਅਤੇ ਹਰਿਆਣਾ ਦੇ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਦੀਆਂ ਮਹਾਨ ਹਸਤੀਆਂ ਸ਼ਾਮਲ ਹੋਈਆਂ। ਇਨਾਂ ਵਿੱਚ ਸ੍ਰ. ਬਲਵੰਤ ਸਿੰਘ ਜੀ ਰਾਮੂਵਾਲੀਆ ਸਾਬਕਾ ਕੇਂਦਰੀ ਮੰਤਰੀ, ਸ. ਹਰਵਿੰਦਰ ਸਿੰਘ ਹੰਸਪਾਲ, ਪ੍ਰਧਾਨ ਨਾਮਧਾਰੀ ਦਰਬਾਰ, ਸੁਖਮਿੰਦਰ ਪਾਲ ਸਿੰਘ ਗਰੇਵਾਲ, ਸ੍ਰ. ਜਸਵੰਤ ਸਿੰਘ ਫਤਿਹਗੜ੍ਹ, ਸ.ਮਲਕੀਤ ਸਿੰਘ ਖੋਸਾ, ਚੌਧਰੀ ਭਾਗੀ ਰਾਮ ਜੀ, ਚੌਧਰੀ ਰਣਜੀਤ ਸਿੰਘ ਚੌਟਾਲਾ, ਚੌਧਰੀ ਕਰਨ ਸਿੰਘ ਚੌਟਾਲਾ, ਕਾਮਰੇਡ ਕਸ਼ਮੀਰ ਸਿੰਘ ਕਰੀਵਾਲਾ, ਸ੍ਰੀ ਕੁਮਾਰ ਜਗਦੇਵ ਬਰਾੜ, ਬਲਵਿੰਦਰ ਸਿੰਘ ਸੰਧੂ ਆਦਿ ਸ਼ਾਮਲ ਹੋਏ। ਇਸ ਤੋਂ ਬਿਨਾਂ ਸਾਹਿਤ ਜਗਤ ਦੀਆਂ ਮਹਾਨ ਸ਼ਖਸੀਅਤਾਂ ਨੇ ਵੀ ਹਾਜ਼ਰੀ ਭਰੀ ਜਿਨਾਂ ਵਿੱਚ ਸ੍ਰ. ਵਰਿਆਮ ਸਿੰਘ ਸੰਧੂ, ਡਾ. ਸੁਖਦੇਵ ਸਿੰਘ ਸਿਰਸਾ, ਅਦਾਰਾ ਹੁਣ ਦੇ ਸੰਪਾਦਕ ਸੁਸ਼ੀਲ ਸਿੰਘ ਦੁਸਾਂਝ, ਸ਼ਾਇਰਾ ਸੁਖਵਿੰਦਰ ਅੰਮ੍ਰਿਤ, ਬਲਦੇਵ ਸਿੰਘ ਧਾਲੀਵਾਲ, ਹਰਵਿੰਦਰ ਸਿੰਘ ਭੱਟੀ, ਮਨਪ੍ਰੀਤ ਟਿਵਾਣਾ, ਆਰਟਿਸਰ ਗੁਰਪੀਤ ਬਠਿੰਡਾ, ਗੁਰਪ੍ਰੀਤ ਮਾਨਸਾ, ਕ੍ਰਾਂਤੀਪਾਲ, ਗਗਨਜੀਤ ਕੌਰ ਦੇਵਗਨ, ਇੰਦਰਜੀਤ ਦੇਵਗਨ, ਰਵੀਇੰਦਰ ਗਰੇਵਾਲ, ਅਨੀਤਾ ਸਬਦੀਸ਼, ਲੱਖਾ ਲਹਿਰੀ, ਮੁਹੰਮਦ ਇੰਦਰੀਸ਼ ਆਦਿ ਅਨੇਕਾਂ ਹੋਰ

ਵੀ ਨਾਮਵਰ ਲੇਖਕ ਸਨ, ਸਭ ਦੇ ਨਾਵਾਂ ਦਾ ਜਿਕਰ ਕਰਨਾ ਰਿਪੋਰਟ ਨੂੰ ਬਹੁਤ ਵਿਸਤ੍ਰਿਤ ਕਰ ਦੇਂਦਾ ਹੈ। ਦਿੱਲੀ, ਪੰਜਾਬ ਅਤੇ ਹਰਿਆਣਾ ਬਹੁਤ ਨਾਮਧਾਰੀ ਸੰਗਤਾਂ ਵੀ ਸ਼ਾਮਲ ਹੋਈਆ।



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਦ ਉਪਦੇਸ਼ ਦੇਂਦਿਆ ਵਹਿਮੀ ਪ੍ਰਵਾਰ ਬਾਰੇ ਅਤੇ ਸੰਤ ਬਲੀ ਸਿੰਘ ਜੀ ਉੱਚੇ-ਸੁੱਚੇ ਜੀਵਨ ਦਾ ਜਿਕਰ ਕਰਦਿਆਂ ਫੁਰਮਾਇਆ ਕਿ ਆਪ ਨੇ ਗੁਰਮੁਖਾਂ ਵਾਲਾ ਜੀਵਨ ਬਤੀਤ ਕੀਤਾ, ਜੀਵਨ ਭਰ ਨਿਸ਼ਕਾਮ ਭਾਵਨਾ ਨਾਲ ਕੀਰਤਨ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਦਾ ਬਹੁਤ ਪਿਆਰ ਮਾਣਿਆ। ਪੂਰੀ ਉਮਰ ਭੋਗ ਕੇ ਬਿਨਾਂ ਕਿਸੇ ਤਕਲੀਫ ਦੇ ਸਹਿਜ ਅਵਸਥਾ ਵਿੱਚ ਹੀ ਸਰੀਰ ਤਿਆਗਿਆ। ਉਹ ਸੰਪੂਰਨ ਹੋਏ ਹਨ। ਅਜੇਹੇ ਗੁਰਸਿੱਖ ਦੇ ਚਲਾਣੇ ਦਾ ਅਫਸੋਸ ਨਹੀਂ ਸਗੋਂ ਵਧਾਈ ਹੈ- ਜੋ ਬਹੁਤ ਵਧੀਆ ਜੀਵਨ ਬਿਤਾ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।



ਉਪਰੰਤ ਨੌਵੇਂ ਮਹੱਲੇ ਦੇ ਸਲੋਕ ਪੜਕੇ ਭੋਗ ਦੀ ਰਸਮ ਅਦਾ ਹੋਈ। ਸ੍ਰੀ ਸਤਿਗੁਰੂ ਜੀ ਨੇ ਪਿਤਾ ਦੀ ਜ਼ਿੰਮੇਵਾਰੀ ਦੀ ਦਸਤਾਰ ਸੰਤ ਬਲੀ ਸਿੰਘ ਜੀ ਦੇ ਵੱਡੇ ਸਪੁੱਤਰ ਗੁਰਦੀਪ ਸਿੰਘ ਦੇ ਸੀਸ ਤੇ ਸਜਾਉਣ ਦੀ ਕਿਰਪਾ ਕੀਤੀ। ਸਾਰੇ ਪ੍ਰਵਾਰ ਨੇ ਗੁਰੂ ਚਰਨਾਂ ਵਿੱਚੋਂ ਸਿੱਖੀ ਸਿਦਕ ਦੀ ਕਾਮਨਾ ਕੀਤੀ।

ਹਰਪਾਲ ਸਿੰਘ ਸੇਵਕ

## ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ



ਸ੍ਰ. ਸੁਖਜੀਵਨ ਪਾਲ ਸਿੰਘ ਖੁਰਾਨਾ ਜਨਮ ਮਿਤੀ 11 ਅਗਸਤ 1955, ਦਿੱਲੀ ਵਾਲੇ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ 10 ਮਈ 2020 ਨੂੰ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾਂ ਦੀ ਯਾਦ ਵਿੱਚ ਸਹਿਜ ਪਾਠ ਦਾ ਭੋਗ ਅਤੇ ਕੀਰਤਨ, ਅੰਤਿਮ ਅਰਦਾਸ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਬੰਗਲੌਰ ਵਿਖੇ 17 ਮਈ 2020 ਨੂੰ ਹੋਈ।

ਉਹ ਪੂਰਨ ਗੁਰਸਿੱਖ, ਮਿੱਠਬੋਲੜੇ, ਮਿਲਾਪੜੇ ਅਤੇ ਧਾਰਮਿਕ ਬਿਰਤੀ ਦੇ ਮਾਲਕ ਸਨ। ਅੰਮ੍ਰਿਤ ਵੇਲੇ ਜਾਗਣਾ, ਕੇਸੀ ਇਸ਼ਨਾਨ ਕਰਨਾ, ਸਿਮਰਨ ਕਰਨਾ ਅਤੇ ਗੁਰਬਾਣੀ ਪੜ੍ਹਨਾ ਉਹਨਾਂ ਦੇ ਚੰਗੇ ਗੁਣ ਸਨ।

ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਦੇ ਭੌਰੇ ਅਤੇ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਦੇ ਪ੍ਰੀਤਵਾਨ ਸਿੱਖ ਸਨ। ਉਹਨਾਂ ਨੂੰ ਸਤਿਗੁਰੂ ਉਦੇ ਸਿੰਘ ਜੀ ਦੇ 2 ਮਈ 2020 ਨੂੰ ਦਰਸ਼ਨ ਹੋਏ ਸਨ ਅਤੇ ਸੰਤਾਂ ਕਿਹਾ ਕਿ ਮੈਂ ਜਲਦੀ ਹੀ ਤੁਹਾਡੇ ਚਰਨਾਂ ਵਿੱਚ ਆ ਰਿਹਾ ਹਾਂ।

ਡਾ: ਅਵਨਿੰਦਰ ਕੌਰ



"ਕੱਲ ਸਵੇਰੇ ਆਏ ਸਨ ਅਮ੍ਰਿਤ ਵੇਲੇ ਦਰਸ਼ਨ ਦੇਣ। ਕਹਿੰਦੇ ਅਪਾਰ ਕਿਵੇਂ ਫੇਰ, ਮੇਰੇ ਨਾਲ ਆਇਆ ਸੀ ਮੇਰੇ ਨਾਲ ਚੱਲਣੈ? ਫੇਰ ਆਂਹਦੇ ਆ ਤੂੰ ਰਹਿ ਹਲੇ ਏਥੇ ਧਿਆਨ ਨਾਲ ਸੁਣ ਲਈ ਗਲ ਮੇਰੀ, ਕਾਕੇ ਛੋਟੇ ਨੂੰ ਸਭ ਕੁਝ ਦੇ ਚੱਲਿਆਂ, ਏਦੇ ਆਖੇ ਲੱਗਣਾ ਆ ਏਨੀ ਗਲ ਆਖ ਚਲੇ ਗਏ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਦੇਹ ਅੰਗੀਠੇ ਤੇ ਰੱਖੀ ਜਾ ਰਹੀ ਸੀ ਵਿਯੋਗ ਦੀ ਹਨੇਰੀ ਝੁੱਲ ਰਹੀ ਸੀ। ਸਭ ਦੀਆਂ ਅੱਖਾਂ ਛਲਕ ਰਹੀਆਂ ਸਨ। ਰਾਮ ਸਰੋਵਰ ਲਾਗੇ ਮੇਰੇ ਪਿੱਛੇ ਖੜੇ ਮਹੰਤ ਅਪਾਰ ਸਿੰਘ ਜੀ ਮੇਰੇ ਮੋਢੇ ਤੇ ਹੱਥ ਰਖ ਬਚਨ ਕਰ ਰਹੇ ਸਨ। ਮੈਂ ਖਾਸ ਧਿਆਨ ਨਹੀਂ ਦਿੱਤਾ। ਮਹੰਤ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਾਣੀ ਸਨ। ਉਹਨਾ ਮੁਤਾਬਿਕ ਹਮ ਉਮਰ ਸਨ ਤੇ ਸਤਿਗੁਰੂ ਜੀ ਦੇ ਪ੍ਰਕਾਸ਼ ਵਾਲੇ ਦਿਨ ਹੀ ਉਹਨਾ ਦਾ ਜਨਮ ਹੋਇਆ ਸੀ। ਕਹਿੰਦੇ ਸਨ ਸਤਿਗੁਰੂ ਜੀ ਮੈਨੂੰ ਨਾਲ ਲਿਆਏ ਸਨ ਦੁਨੀਆਂ ਤੇ, ਸਾਰੀ ਉਮਰ ਉਹਨਾ ਦੇ ਚਰਨਾ ਵਿਚ ਹੀ ਸਮਰਪਣ ਸੀ। ਚੜ੍ਹਦੀ ਉਮਰੇ ਦਰਖਤ ਦੇ ਡਾਣ ਤੇ ਬੈਠ ਤਲਾਬ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਜਦ ਤਪ ਕਰਿਆ ਕਰਦੇ ਸਨ ਰਾਤਾਂ ਨੂੰ ਤਾਂ ਅਪਾਰ ਸਿੰਘ ਜੀ ਪਹਿਰੇ ਤੇ ਹੁੰਦੇ ਸਨ।

ਖੈਰ ਸਤਿਗੁਰੂ ਜੀ ਦਾ ਸਸਕਾਰ ਹੋਇਆ ਅਰਦਾਸਾ ਕੀਤਾ ਗਿਆ ਸੰਗਤ ਵਿੱਚ ਬਹੁਤ ਚਿੰਤਾ ਸੀ, ਪਤਾ ਨਹੀ ਕੀ ਹੋਣਾ ਹੈ, ਕਿਵੇਂ ਹੋਣਾ ਹੈ, ਕੌਣ ਸਾਡੀ ਬਾਂਹ ਫੜੇਗਾ?

ਸਤਿਗੁਰੂ ਜਗਜੀਤ ਸਿੰਘ ਜੀ ਦੇ ਦੇਹ ਕਰਕੇ ਹੁੰਦਿਆਂ ਹੀ ਆਪੂੰ ਗੁਰੂ ਬਣਾ ਬੈਠੀ ਧਿਰ ਫਸਾਦ ਤੇ ਉਤਾਰੂ ਸੀ। ਏਨੀ ਦੇਰ ਨੂੰ ਸੂਬਾ ਬਲਵਿੰਦਰ ਸਿੰਘ ਹੋਰਾਂ ਨੇ ਮਾਤਾ ਚੰਦ ਕੌਰ ਜੀ ਦੇ ਹੁਕਮ ਅਨੁਸਾਰ ਅਨਾਊਂਸਮੈਂਟ ਕੀਤੀ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਜ਼ਾ ਅਨੁਸਾਰ ਸਤਿਗੁਰੂ ਉਦੇ ਸਿੰਘ ਜੀ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਨਗੇ। ਤਾਂ ਮਹੰਤ ਜੀ ਫੇਰ ਮੈਨੂੰ ਦੋਵਾਂ ਮੋਢਿਆਂ ਤੋਂ ਫੜ ਜੋਰ ਦੀ ਹਲੂਣਾ ਦਿੱਤਾ ਤੇ ਬੋਲੇ ਤੈਨੂੰ ਕੀ ਕਿਹਾ ਸੀ ?

ਸੰਗਤ ਸ਼ਾਂਤ ਹੋ ਗਈ, ਸ਼ਾਇਦ ਪਿਆਸਿਆਂ ਨੂੰ ਅੰਮ੍ਰਿਤ ਕੁੰਡ ਦਿਸ ਪਿਆ ਸੀ। ਝੁੱਲਦੇ ਝੱਖੜ ਤੋਂ ਬਾਅਦ ਚਿੰਤਾਵਾਂ ਦਾ ਘੱਟਾ ਬਹਾਉਣ ਵਾਲੀ, ਬਨਸਪਤੀ ਨੂੰ ਹਰਿਆ ਭਰਿਆ ਕਰਨ ਵਾਲੀ ਬਾਰਸ਼ ਵਰ ਗਈ ਸੀ। ਨਵਾਂ ਸੂਰਜ ਉਦੈ ਹੋ ਗਿਆ ਸੀ। ਇਹ ਤਸਵੀਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਜੱਫੀ ਪਾਇਆਂ ਦੀ ਮਹੰਤ ਅਪਾਰ ਸਿੰਘ ਜੀ ਦੀ ਹੈ। ਇਹ ਗੁਰੂ ਤੇ ਸਿੱਖ ਦੀ ਭਾਵੁਕ ਮਿਲਣੀ ਦੀ ਫੋਟੋ ਹੈ, ਜੋ ਬਿਨਾ ਬੋਲਿਆਂ ਹੀ ਬਹੁਤ ਕੁਝ ਬਿਆਨ ਕਰਦੀ ਹੈ।

ਸੁਖਵਿੰਦਰ ਸਿੰਘ ਲਾਇਲ



ਤੇਰੀਆਂ ਪੈੜਾਂ ਨੇ ਚਾਨਣ ਮੁਨਾਰੇ ਵਾਂਗਰਾਂ
ਹਨੇਰ ਵਿਚ ਕਿਸੇ ਡਗੋਰੀ ਦੇ ਸਹਾਰੇ ਵਾਂਗਰਾਂ ।

ਜਿੰਦਗੀ ਦੇ ਖੌਫ ਮਿਟ ਜਾਂਦੇ ਨੇ ਤੈਨੂੰ ਵੇਖਿਆਂ
ਡੁਬਦਿਆਂ ਦੇ ਕੋਲ ਚੱਲ ਆਏ ਕਿਨਾਰੇ ਵਾਂਗਰਾਂ।

ਕਾਲੀਆਂ ਘਨਘੋਰ ਰਾਤਾਂ ਚ ਰਾਹ ਦਰਸਾਣ ਲਈ
ਵਿਚ ਅਕਾਸ਼ੀਂ ਚਮਕਦੇ ਕਿਸੇ ਸਿਆਰੇ ਵਾਂਗਰਾਂ ।

ਮਿਲਦੀਆਂ ਨਜ਼ਰਾਂ ਸੰਗ ਨਜ਼ਰਾਂ ਜਦ ਕਦੇ ਇਤਫਾਕ ਨਾਲ
ਜਾਪਦੇ ਉਹ ਅਹਿਮ ਪੱਲ ਰੱਬੀ ਹੁਲਾਰੇ ਵਾਂਗਰਾਂ ।

ਵਿਚ ਸੁਨਾਮੀ ਪਰਲੋਆਂ ਤੂਫਾਨ ਤੇ ਭੂਚਾਲ ਤੋਂ
ਰੱਖ ਲੈਂਦੋਂ ਹੱਥ ਦੇ ਪ੍ਰੀਤਮ ਪਿਆਰੇ ਵਾਂਗਰਾਂ ।

ਤੇਰੀ ਹਰ ਅਦਾਅ ਕੋਈ ਜਿੰਦਗੀ ਦਾ ਭੇਤ ਦੱਸਦੀ
ਹੋ ਰਹੇ ਕਿਸੇ ਰੱਬੀ ਇਸ਼ਾਰੇ ਵਾਂਗਰਾਂ ।

ਬੋਲ ਮਿੱਠੇ ਮਾਖਿਓਂ ਰੂਹ ਨੂੰ ਸਕੂਨ ਬਖਸ਼ਦੇ
ਸਾਥ ਤੇਰਾ ਜਾਪਦੈ ਰੱਬੀ ਸਹਾਰੇ ਵਾਂਗਰਾਂ ।

ਬਾਤ ਇਹ ਅਗੰਮ ਦੀ ਨਾ ਰੁਕੇਗੀ ਅਨੰਤ ਤੀਕ
ਸਾਥ ਤੇਰਾ ਮਾਣੀਏਂ ਸਦੀਵੀ ਹੁੰਘਾਰੇ ਵਾਂਗਰਾਂ।

ਅਜੀਤ ਸਿੰਘ ਲਾਇਲ